
ੴ ਵਾਹਿਗੁਰੂ ਜੀ ਕੀ ਫਤਹਿ

ਮਾਸਿਕ ਪੱਤਰ

# ਸੂਰਾ

## Sura Monthly



ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਸਤਰ

February-2002

Amritsar

www.AKJ.Org



## ਗੁਰਦੁਆਰਾ ਪਰਿਵਾਰ ਵਿਛੋੜਾ

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥

# ਸੂਰਾ

## ਮਾਸਿਕ ਪੱਤਰ

### ਅਖੰਡ ਕੀਰਤਨੀ ਜੱਥੇ ਵੱਲੋਂ ਨਿਰੋਲ ਗੁਰਮਤਿ ਮਾਸਿਕ ਪੱਤਰ

Read SURA at internet : www.surainternational.com

ਜਿਲਦ 36 ਫਰਵਰੀ, 2002 ਅੰਕ 2

**ਗੁਰਪੁਰਬ ਅਤੇ ਇਤਿਹਾਸਕ ਦਿਹਾੜੇ**

| | |
|---|---|
| ਪਾ: ੭ ਅਵਤਾਰ ਧਾਰਿਆ | 25 ਫਰਵਰੀ |
| ਜਨਮ ਭਗਤ ਰਵਿਦਾਸ ਜੀ | 27 ਫਰਵਰੀ |
| ਹੋਲਾ ਮਹੱਲਾ | 29 ਮਾਰਚ |

**ਚੰਦਿਆਂ ਦਾ ਵੇਰਵਾ**

| | | |
|---|---|---|
| ਦੇਸ਼ (ਸਾਲਾਨਾ) | | 50 ਰੁਪਏ |
| ਅਮਾਨਤੀ ਲਾਈਫ਼ ਮੈਂਬਰ | | 500 ਰੁਪਏ |
| ਵਿਦੇਸ਼ | ਸਮੁੰਦਰੀ ਡਾਕ | ਹਵਾਈ ਡਾਕ |
| ਸਾਲਾਨਾ | 150 ਰੁ: | 500 ਰੁ: |
| ਅਮਾਨਤੀ ਲਾਈਫ਼ ਮੈਂਬਰ | 1500 ਰੁ: | 5000 ਰੁ: |

**ਚੰਦਾ ਭੇਜਣ ਦਾ ਪਤਾ**

ਸੂਰਾ ਮਾਸਿਕ ਪੱਤਰ

ਹੈਡੱ ਕੁਆਰਟਰ :

ਅਖੰਡ ਕੀਰਤਨੀ ਜੱਥਾ

ਸ਼ਹੀਦ ਗੰਜ ਖਾਲਸਾ ਮੈਮੋਰੀਅਲ ਸਕੂਲ, ਰੇਲਵੇ ਬੀ-ਬਲਾਕ,
ਅੰਮ੍ਰਿਤਸਰ - 143 001 ਫੋਨ : 546320

**ਤਤਕਰਾ**

| | ਪੰਨਾ |
|---|---|
| ਮਹੀਨਾ ਫਗੱਣ | 2 |
| ਗੁਰਮਤਿ ਅਧਿਆਤਮ ਕਰਮ ਫਿਲਾਸਫੀ | 3 |
| ਜੀਵਨ-ਝਲਕੀਆਂ ਡਾ: ਸੁਰਿੰਦਰ ਸਿੰਘ ਜੀ | 9 |
| ਰੰਗ ਰੱਤੜੇ ਬਾਊ ਮੱਲ ਸਿੰਘ ਜੀ | 13 |
| Who is a Sikh | 20 |
| ਸ਼ਰਧਾ | 23 |
| ਸੁਖਮਨੀ ਦਾ ਨੂਰ | 24 |
| ਗੁਰੂ ਮਹਾਰਾਜ ਜੀ ਦੀ ਫੌਜ਼ | 28 |
| Political Directives Enunciated by Guru Nanak | 31 |
| ਮਾਤਾ ਸੁਲੱਖਣੀ ਜੀ ਦਾ ਗੁਰੂ ਘਰ 'ਚ ਮਹੱਤਤਾ | 33 |
| ਸਮਾਗਮ ਸਰਗਰਮੀਆਂ | 36 |
| ਬਾਣੀ ਤੇ ਬਾਣਾ | 37 |
| ਖ਼ਬਰਨਾਮਾ | 38 |

'ਸੂਰਾ' ਮਾਸਿਕ ਪੱਤਰ ਪੰਜਾਬ ਸਰਕਾਰ ਦੇ ਪੱਤਰ ਨੰਬਰ 370-68-4/ਅ ਪ ਮਿਤੀ 17-10-68 ਨਾਲ ਸਕੂਲ ਲਾਇਬ੍ਰੇਰੀਆਂ ਅਤੇ ਸਮਾਜਿਕ ਸਿੱਖਿਆ ਕੇਂਦਰਾਂ ਲਈ ਪ੍ਰਵਾਨ ਕੀਤਾ ਗਿਆ।

ਸੂਰਾ ਪੱਤਰ ਵਿਚ ਛਪੇ ਵਿਚਾਰਾਂ ਨਾਲ ਸੂਰਾ ਪਰਿਵਾਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ ।

ਸੰਪਾਦਕ, ਪ੍ਰਿੰਟਰ ਅਤੇ ਪਬਲਿਸ਼ਰ ਬਲਦੇਵ ਸਿੰਘ ਵਲੋਂ ਐਸਕਾਰਟ ਪ੍ਰੈਸ, ਗੰਗਾ ਬਿਲਡਿੰਗ, ਨੇੜੇ ਪੁਤਲੀਘਰ, ਅੰਮ੍ਰਿਤਸਰ ਤੋਂ ਛਪਵਾ ਕੇ ਸ਼ਹੀਦ ਗੰਜ ਖਾਲਸਾ ਮੈਮੋਰੀਅਲ ਸਕੂਲ, ਰੇਲਵੇ ਬੀ-ਬਲਾਕ, ਅੰਮ੍ਰਿਤਸਰ, ਹੈਡੱਕੁਆਰਟਰ ਅਖੰਡ ਕੀਰਤਨੀ ਜੱਥਾ ਤੋਂ ਜਾਰੀ ਕੀਤਾ।

www.AKJ.Org

# ਫੱਗਣ

ਫਲਗੁਨਿ ਮਨਿ ਰਹਸੀ ਪ੍ਰੇਮੁ ਸੁਭਾਇਆ ॥
ਅਨਦਿਨੁ ਰਹਸੁ ਭਇਆ ਆਪੁ ਗਵਾਇਆ ॥
ਮਨ ਮੋਹੁ ਚੁਕਾਇਆ ਜਾ ਤਿਸੁ ਭਾਇਆ ਕਰਿ ਕਿਰਪਾ ਘਰਿ ਆਓ ॥
ਬਹੁਤੇ ਵੇਸ ਕਰੀ ਪਿਰ ਬਾਝਹੁ ਮਹਲੀ ਲਹਾ ਨ ਥਾਓ ॥
ਹਾਰ ਡੋਰ ਰਸ ਪਾਟ ਪਟੰਬਰ ਪਿਰਿ ਲੋੜੀ ਸੀਗਾਰੀ ॥
ਨਾਨਕ ਮੇਲਿ ਲਈ ਗੁਰਿ ਅਪਣੈ ਘਰਿ ਵਰੁ ਪਾਇਆ ਨਾਰੀ ॥੧੬॥

**ਪਦ ਅਰਥ** : ਮਨਿ-ਮਨ ਵਿਚ । ਰਹਸੀ - ਖ਼ੁਸ਼ ਹੋਈ, ਖਿੜ ਪਈ । ਸੁਭਾਇਆ - ਚੰਗਾ ਲਗਾ । ਅਨਦਿਨੁ-ਹਰ ਰੋਜ਼ । ਰਹਸੁ-ਖਿੜਾਉ, ਅਨੰਦ । ਆਪੁ-ਆਪਾ-ਭਾਵ । ਮਨ ਮੋਹੁ-ਮਨ ਦਾ ਮੋਹ, ਮਨ (ਵਿਚ ਪੈਦਾ ਹੋਇਆ ਮਾਇਆ) ਦਾ ਮੋਹ । ਤਿਸੁ-ਉਸ (ਪ੍ਰਭੂ) ਨੂੰ । ਆਓ - ਆਗਮਨ, ਨਿਵਾਸ । ਘਰਿ-ਹਿਰਦੇ-ਘਰ ਵਿਚ । ਕਰੀ-ਕਰੀਂ, ਮੈਂ ਕਰਦੀ ਹਾਂ । ਮਹਲੀ-ਪ੍ਰਭੂ ਦੇ ਘਰ ਵਿਚ, ਪ੍ਰਭੂ ਦੇ ਚਰਨਾਂ ਵਿਚ । ਲਹਾ ਨ-ਮੈਂ ਨਹੀਂ ਲੱਭ ਸਕਦੀ । ਥਾਓ-ਥਾਉਂ, ਥਾਂ । ਪਾਟ ਪਟੰਬਰ-ਪਾਟ ਪਟ-ਅੰਬਰ, ਰੇਸ਼ਮ ਦੇ ਕਪੜੇ । ਪਿਰਿ - ਪਿਰ ਨੇ । ਲੋੜੀ-ਲੋੜ ਲਈ, ਪਸੰਦ ਕਰ ਲਈ । ਗੁਰਿ ਅਪਣੈ-ਆਪਣੇ ਗੁਰੂ ਦੀ ਰਾਹੀਂ । ਘਰਿ-ਹਿਰਦੇ-ਘਰ ਵਿਚ । ਵਰੁ-ਖਸਮ-ਪ੍ਰਭੂ ।

**ਅਰਥ**: (ਸਿਆਲੀ ਰੁੱਤ ਦੀ ਕਰੜੀ ਸਰਦੀ ਪਿਛੋਂ ਬਾਹਰ ਫਿਰਨ 'ਤੇ) ਫੱਗਣ ਦੇ ਮਹੀਨੇ ਵਿਚ (ਲੋਕ ਹੋਲੀਆਂ ਦੇ ਰੰਗ-ਤਮਾਸ਼ਿਆਂ ਦੀ ਰਾਹੀਂ ਖ਼ੁਸ਼ੀਆਂ ਮਨਾਂਦੇ ਹਨ, ਪਰ ਜਿਸ ਜੀਵ-ਇਸਤ੍ਰੀ ਨੂੰ ਆਪਣੇ ਮਨ ਵਿਚ) ਪ੍ਰਭੂ ਦਾ ਪਿਆਰ ਮਿੱਠਾ ਲੱਗਾ, ਉਸ ਦੇ ਮਨ ਵਿਚੰ ਅਸਲ ਅਨੰਦ ਪੈਦਾ ਹੋਇਆ ਹੈ, ਜਿਸ ਨੇ ਆਪਾ - ਭਾਵ ਗਵਾਇਆ ਹੈ, ਉਸ ਦੇ ਅੰਦਰ ਹਰ ਵੇਲੇ ਹੀ ਖਿੜਾਉ ਬਣਿਆ ਰਹਿੰਦਾ ਹੈ ।

(ਪਰ ਆਪਾ-ਭਾਵ ਗਵਾਣਾ ਕੋਈ ਸੋਖੀ ਖੇਡ ਨਹੀਂ ਹੈ) ਜਦੋਂ ਪ੍ਰਭੂ ਆਪ ਹੀ ਮਿਹਰ ਕਰਦਾ ਹੈ ਤਾਂ ਜੀਵ ਆਪਣੇ ਮਨ ਵਿਚੋਂ ਮਾਇਆ ਦਾ ਮੋਹ ਮੁਕਾਂਦਾ ਹੈ, ਪ੍ਰਭੂ ਭੀ ਮਿਹਰ ਕਰਕੇ ਉਸ ਦੇ ਹਿਰਦੇ ਘਰ ਵਿਚ ਆ ਪਰਵੇਸ਼ ਕਰਦਾ ਹੈ ।

ਪ੍ਰਭੂ-ਮਿਲਾਪ ਤੋਂ ਬਿਨਾ ਹੀ ਮੈਂ ਬਥੇਰੇ (ਧਾਰਮਿਕ) ਸ਼ਿੰਗਾਰ (ਬਾਹਰੋਂ ਦਿਸਦੇ ਧਾਰਮਿਕ ਕੰਮ) ਕੀਤੇ, ਪਰ ਉਸ ਦੇ ਚਰਨਾਂ ਵਿਚ ਮੈਨੂੰ ਟਿਕਾਣਾ ਨਾ ਹੀ ਮਿਲਿਆ । ਹਾਂ, ਜਿਸ ਨੂੰ ਪਤੀ-ਪ੍ਰਭੂ ਨੇ ਪਸੰਦ ਕਰ ਲਿਆ, ਉਹ ਸਾਰੇ ਹਾਰ-ਸ਼ਿੰਗਾਰਾਂ, ਰੇਸ਼ਮੀ ਕਪੜਿਆਂ ਨਾਲ ਸ਼ਿੰਗਾਰੀ ਗਈ ।

ਹੇ ਨਾਨਕ ! ਜਿਸ ਜੀਵ-ਇਸਤ੍ਰੀ ਨੂੰ ਪ੍ਰਭੂ ਪਤੀ ਨੇ ਆਪਣੇ ਗੁਰੂ ਦੀ ਰਾਹੀਂ (ਆਪਣੇ ਨਾਲ) ਮਿਲਾ ਲਿਆ, ਉਸ ਨੂੰ ਹਿਰਦੇ ਘਰ ਵਿਚ ਹੀ ਖ਼ਸਮ ਪ੍ਰਭੂ ਮਿਲ ਪਿਆ ।੧੬।

**ਭਾਵ** : ਜਿਹੜਾ ਮਨੁੱਖ ਗੁਰੂ ਦੀ ਸਰਨ ਪੈ ਕੇ ਸਿਫਤਿ-ਸਾਲਾਹ ਦੀ ਰਾਹੀਂ ਆਪਣੇ ਅੰਦਰੋਂ ਆਪਾ-ਭਾਵ ਦੂਰ ਕਰਦਾ ਹੈ, ਉਸ ਨੂੰ ਆਪਦੇ ਅੰਦਰ-ਵੱਸਦਾ ਪਰਮਾਤਮਾ ਮਿਲ ਪੈਂਦਾ ਹੈ । ਪਰ ਇਹ ਆਪਾ ਭਾਵ ਦੂਰ ਕਰਨਾ ਕੋਈ ਸੌਖੀ ਖੇਡ ਨਹੀਂ, ਉਹ ਹੀ ਦੂਰ ਕਰਦਾ ਹੈ ਜਿਸ ਉਤੇ ਪਰਮਾਤਮਾ ਮਿਹਰ ਕਰੇ ।

(ਵਿਆਖਿਆ - ਪ੍ਰੋ: ਸਾਹਿਬ ਸਿੰਘ ਜੀ)



www.AKJ.Org

# ਗੁਰਮਤਿ ਅਧਿਆਤਮ ਕਰਮ ਫਿਲਾਸਫੀ

*(ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ)*

*(ਲੜੀ ਜੋੜਨ ਲਈ ਸੂਰਾ ਜਨਵਰੀ ੨੦੦੨ ਦੇਖੋ)*

ਸੂਖ ਸਹਜ ਆਨਦੁ ਘਣਾ ਹਰਿ ਕੀਰਤਨੁ ਗਾਉ ॥
ਗਰਹ ਨਿਵਾਰੇ ਸਤਿਗੁਰੂ ਦੇ ਆਪਣਾ ਨਾਉ ॥੧॥
ਸਗੁਨ ਅਪਸਗੁਨ ਤਿਸ ਕਉ ਲਗਹਿ ਜਿਸੁ ਚੀਤਿ ਨ ਆਵੈ ॥
ਤਿਸੁ ਜਮੁ ਨੇੜਿ ਨ ਆਵਈ ਜੋ ਹਰਿ ਪ੍ਰਭਿ ਭਾਵੈ ॥੨॥
ਪੁੰਨ ਦਾਨ ਜਪ ਤਪ ਜੇਤੇ ਸਭ ਊਪਰਿ ਨਾਮੁ ॥
ਹਰਿ ਹਰਿ ਰਸਨਾ ਜੋ ਜਪੈ ਤਿਸੁ ਪੂਰਨ ਕਾਮੁ ॥੩॥
ਭੈ ਬਿਨਸੇ ਭ੍ਰਮ ਮੋਹ ਗਏ ਕੋ ਦਿਸੈ ਨ ਬੀਆ ॥
ਨਾਨਕ ਰਾਖੇ ਪਾਰਬ੍ਰਹਮਿ ਫਿਰਿ ਦੂਖੁ ਨ ਥੀਆ ॥੪॥੧੮॥੧੨੦॥

**(ਆਸਾ ਮ: ੫, ਪੰਨਾ ੪੦੦-੦੧)**

**ਵਿਆਖਿਆ** - ਵਾਹਿਗੁਰੂ ਸਿਫਤਿ ਸਾਲਾਹ ਭਿੰਨਾ, ਵਾਹਿਗੁਰੂ ਜਸ ਮਈ ਗੁਰਬਾਣੀ ਦਾ ਕੀਰਤਨ ਗਾਇਆ ਅਤੀਅੰਤ ਸਹਿਜ ਸੁਖ ਮਈ ਆਨੰਦ ਦਾ ਲੁਤਫ ਉਠਾਈਦਾ ਹੈ। ਸਤਿਗੁਰੂ ਨੇ ਆਪਣਾ (ਆਪਣੇ ਗੁਰੂ ਘਰ ਦਾ ਮਿਲਕ-ਮਖ਼ਸੂਸੀ) ਨਾਮ ਦੇ ਕੇ ਰਾਹੂ ਕੇਤੂ ਆਦਿਕ ਸਾਰੇ ਹੀ ਗ੍ਰਹਿਆਂ ਨੂੰ ਨਿਵਾਰ ਦਿੱਤਾ। ਸਗਨ ਅਪਸਗਨ ਤਿਸ ਨੂੰ ਹੀ ਲਗਦੇ ਹਨ, ਜਿਸ ਨੂੰ ਵਾਹਿਗੁਰੂ ਨਾਮ ਚਿਤਿ ਨਹੀਂ ਆਉਂਦਾ। ਵਾਹਿਗੁਰੂ ਨਾਮ ਦੇ ਚੇਤਣ ਵਾਲਿਆਂ ਨੂੰ ਕੋਈ ਬਦ ਸਗਨ ਨਹੀਂ ਪੋਹੰਦਾ। ਆਨਮਤ ਕਰਮ-ਕਾਂਡੀਆਂ ਨੂੰ ਹੀ ਆਨਮਤ ਕਰਮਾਂ ਦੇ ਕੀਤਿਆਂ ਮਾੜੇ ਸਗਨ ਪੋਹੰਦੇ ਹਨ। ਜੋ ਜਨ ਵਾਹਿਗੁਰੂ ਦੀ ਮਨਜ਼ੂਰੇ ਨਜ਼ਰ ਹੋ ਗਿਆ ਹੈ, ਵਾਹਿਗੁਰੂ ਦੀ ਦਰਗਾਹੇ ਮਕਬੂਲ ਹੋ ਗਿਆ ਹੈ ਤਿਸ ਦੇ ਜਮੁ ਨੇੜੇ ਭੀ ਨਹੀਂ ਆਉਂਦਾ। ਨਾਮ ਅਭਿਆਸੀ ਕਰਮੀ ਜਨ ਹੀ ਹਰਿ ਦਰਗਾਹ ਅੰਦਰਿ ਕਬੂਲ ਪਏ ਹਨ। ਪੁੰਨ ਦਾਨ, ਜਪ ਤਪ ਜੇਤੇ ਭੀ ਆਨਮਤਿ ਕਰਮ ਹਨ ਸਭਨਾਂ ਦੇ ਉਤੋਂ ਹੀ ਵਾਹਿਗੁਰੂ ਨਾਮ ਅਭਿਆਸ ਕਰਮ ਹੈ। ਜੋ ਜਨ ਰਸਨਾ ਨਾਲ ਨਾਮ ਜਪਦਾ ਹੈ। ਵਾਹਿਗੁਰੂ ਨਾਮ ਨੂੰ, ਤਿਸ ਦੇ ਸਭ ਅਰਥ-ਪਰਮਾਰਥੀ ਮਨੋਰਥ ਪੂਰੇ ਹੋ ਜਾਂਦੇ ਹਨ। ਕਦੇ ਅਧੂਰੇ ਨਹੀਂ ਰਹਿੰਦੇ। ਨਿਸਚੇ ਕਰ ਜਾਣੋ ਇਸ ਗੱਲ ਨੂੰ ਤਿਸ ਦੇ ਭੈ ਤੇ ਮਮਤਾ ਮਈ ਮੋਹ ਸਭਿ ਮੁਕ ਜਾਂਦੇ ਹਨ, ਬਿਨਸ ਜਾਂਦੇ ਹਨ ਅਤੇ ਸਗਲੇ ਅਗਿਆਨ ਭਰਮ ਭੀ ਦੂਰਿ ਹੋ ਜਾਂਦੇ ਹਨ। ਤਿਸ ਜਨ ਨੂੰ ਓਪਰਾ ਪਰਾਇਆ ਅਤੇ ਬਿਗਾਨਾ ਕੋਈ ਦਿਸਦਾ ਹੀ ਨਹੀਂ। ਉਨ੍ਹਾਂ ਨੂੰ ਪਾਰਬ੍ਰਹਮ ਪ੍ਰਮੇਸਰੁ ਆਪਿ ਹਥ ਦੇ ਕੇ ਰੱਖਦਾ ਹੈ। ਤਿਨ੍ਹਾਂ ਨੂੰ ਕੋਈ ਭੀ ਦੁਖ ਨਹੀਂ ਬਿਘਨ ਨਹੀਂ ਬਿਆਪਦਾ, ਐਸੀ ਫਜ਼ੀਲਤ ਹੈ ਗੁਰਮਤਿ ਨਾਮ ਕਰਮ ਦੀ।

ਮੇਰੇ ਮਨ ਧਿਆਇ ਹਰਿ ਹਰਿ ਨਾਉ ॥
ਹਲਤਿ ਪਲਤਿ ਸਹਾਇ ਸੰਗੇ ਏਕ ਸਿਉ ਲਿਵ ਲਾਉ ॥੧॥ਰਹਾਉ॥
ਬੇਦ ਸਾਸਤ੍ਰ ਜਨ ਧਿਆਵਹਿ ਤਰਣ ਕਉ ਸੰਸਾਰੁ ॥



www.AKJ.Org

ਕਰਮ ਧਰਮ ਅਨੇਕ ਕਿਰਿਆ ਸਭ ਊਪਰਿ ਨਾਮੁ ਅਚਾਰੁ ॥੨॥ (੪॥੨॥੧੩੭)

(ਆਸਾ ਮ: ੫, ਪੰਨਾ ੪੦੫)

ਗੁਰਮਤਿ ਪ੍ਰਵਾਣੀਕ ਕਰਮੁ ਇਕੋ ਇਕ ਇਹੀ ਹੈ ਕਿ ਹਰਿ ਹਰਿ ਨਾਮ ਨੂੰ ਧਿਆਇਆ ਜਾਏ, ਅਰਥਾਤ ਕੇਵਲ ਗੁਰਮਤਿ ਨਾਮ ਦਾ ਹੀ ਅਭਿਆਸ ਕੀਤਾ ਜਾਵੇ। ਲੋਕ ਵਿਚਿ ਭੀ, ਪਰਲੋਕ ਵਿਚਿ ਭੀ, ਅਰਥਾਤ ਇਸ ਜਹਾਨ ਵਿਚਿ ਭੀ ਤੇ ਅਗਲੇ ਜਹਾਨ ਵਿਚਿ ਭੀ ਸਦਾ ਸਹਾਈ ਅਤੇ ਸਦਾ ਸੰਗ ਰਹਿਣ ਵਾਲਾ ਇਹੀ ਇਕੋ ਨਾਮ ਅਭਿਆਸ ਕਰਮ ਹੀ ਹੈ। ਇਕ ਅਕਾਲ ਪੁਰਖ ਦੇ ਨਾਲਿ ਲਿਵ ਲਾਉਣ ਵਾਲਾ ਭੀ ਇਹੀ ਕਰਮ ਹੈ। ਸੰਸਾਰ ਸਾਗਰ ਦੇ ਤਰਨ ਖ਼ਾਤਰ ਆਮ ਲੋਕ ਬੇਦਾਂ ਸ਼ਾਸਤ੍ਰਾਂ ਦਾ ਅਧਿਐਨ ਕਰਦੇ ਹਨ। ਬੇਦਾਂ ਸ਼ਾਸਤ੍ਰਾਂ ਵਿਚਿ ਦ੍ਰਿੜ੍ਹਾਏ ਗਏ ਅਨੇਕ ਕਰਮ ਧਰਮ ਕਿਰਿਆ ਦੇ ਉਪਰਿ ਦੀ ਕਰਨ ਜੋਗ ਸ੍ਰੇਸ਼ਟ ਕਰਮ ਇਕੋ ਨਾਮ ਅਭਿਆਸ ਜਪ ਕਰਮ ਹੀ ਹੈ। ਹੋਰ ਸਭ ਕਰਮ ਏਦੂੰ ਹੇਠਾਂ ਹਨ। ਆਨਮੱਤ ਕਰਮਾਂ ਦੇ ਕੀਤਿਆਂ ਵਾਹਿਗੁਰੂ ਦੇ ਦਰਸ਼ਨ ਦੀ ਪ੍ਰਾਪਤੀ ਨਹੀਂ ਹੁੰਦੀ। ਦਰਸ਼ਨ ਪ੍ਰਾਪਤੀ ਹੁੰਦੀ ਹੈ ਤਾਂ ਕੇਵਲ ਗੁਰਮਤਿ ਨਾਮ ਦੀ ਅਭਿਆਸ ਕਮਾਈ ਕੀਤਿਆਂ ਹੁੰਦੀ ਹੈ। ਯਥਾ ਗੁਰਵਾਕ

ਸਿੰਮ੍ਰਿਤਿ ਸਾਸਤ੍ਰ ਬਹੁ ਕਰਮ ਕਮਾਏ ॥
ਪ੍ਰਭ ਤੁਮ੍ਰੇ ਦਰਸ ਬਿਨੁ ਸੁਖੁ ਨਾਹੀ ॥੧॥
ਵਰਤ ਨੇਮ ਸੰਜਮ ਕਰਿ ਥਾਕੇ ॥
ਨਾਨਕ ਸਾਧ ਸਰਨਿ ਪ੍ਰਭ ਸੰਗਿ ਵਸੈ ॥੨॥੨॥੧੫੧॥

(ਆਸਾ ਮ: ੫, ਪੰਨਾ ੪੦੮)

ਅਰਥ ਵਿਆਖਿਆ - ਸਿਮ੍ਰਿਤੀਆਂ ਅਤੇ ਸ਼ਾਸਤ੍ਰਾਂ ਦੇ ਦੱਸੇ ਹੋਏ ਬਥੇਰੇ ਕਰਮ ਕਰਿ ਕਰਿ ਦੇਖੇ, ਆਨਮਤਿ ਅਵਿਲੰਬੀ ਲੋਕ ਬਥੇਰੇ ਇਹ ਆਨਮਤਿ ਕਰਮ ਕਰਿ ਕਰਿ ਹੰਭ ਥਕੇ, ਪ੍ਰੰਤੂ ਇਹਨਾਂ ਕਰਮਾਂ ਦੇ ਕਰਨ ਕਰਿ ਸੱਚਾ ਸੁਖ ਨਹੀਂ ਲਭਦਾ। ਸੁਖ ਹੈ ਵਾਹਿਗੁਰੂ ਦੀ ਪ੍ਰਾਪਤੀ। ਹੇ ਵਾਹਿਗੁਰੂ, ਤੇਰੇ ਦਰਸ਼ਨ ਬਿਨਾਂ ਸੁਖ ਨਹੀਂ। ਹੋਰ ਆਨਮਤ ਦੇ ਦ੍ਰਿੜ੍ਹਾਏ ਹੋਏ ਵਰਤ ਨੇਮ ਸੰਜਮ ਆਦਿਕ ਕਰਮ ਕਰਿ ਕਰਿ ਬਥੇਰੇ ਆਨਮਤੀ ਲੋਕ ਵਿਗੁਚ ਰਹੇ। ਕਿਸੇ ਕਰਮ ਦੇ ਭੀ ਕਰਨ ਕਰ ਕੇ ਰੱਬ ਨਹੀਂ ਲੱਭਿਆ। ਨਾ ਲਭ ਸਕਦਾ ਹੈ। ਪ੍ਰੰਤੂ ਗੁਰੂ ਨਾਨਕ ਦੇ ਘਰ ਦੇ ਅਭਿਆਸੀ ਗੁਰਮੁਖਿ ਸਿੱਖਾਂ ਸਾਧਾਂ ਦੀ ਸ਼ਰਨੀ ਪਇਆਂ ਅਤੇ ਸੰਗਤਿ ਕੀਤਿਆਂ ਵਾਹਿਗੁਰੂ ਅਦ੍ਰਿਸ਼ਟ ਅਗੋਚਰ ਪਾਰਬ੍ਰਹਮ ਵਾਹਿਗੁਰੂ ਦੇ ਸੰਗ ਹੀ ਵਸਣ ਲਗ ਜਾਈਦਾ ਹੈ। ਐਸਾ ਹੈ ਗੁਰਮਤਿ ਨਾਮ ਅਤੇ ਗੁਰਮੁਖਿ ਜਨ ਨਾਮ ਅਭਿਆਸੀਆਂ ਦੀ ਸੰਗਤਿ ਦਾ ਫਲੁ। ਜੋ ਆਨਮਤਿ ਕਰਮੀਆਂ ਧਰਮੀਆਂ ਦੀ ਸੰਗਤ ਤੋਂ ਕਦੇ ਪ੍ਰਾਪਤਿ ਨਹੀਂ ਹੁੰਦਾ।

ਬਿਕਾਰ ਮਾਇਆ ਮਾਦਿ ਸੋਇਓ ਸੂਝ ਬੂਝ ਨ ਆਵੈ ॥
ਪਕਰਿ ਕੇਸ ਜਮਿ ਉਠਾਰਿਓ ਤਦ ਹੀ ਘਰਿ ਜਾਵੈ ॥੧॥
ਲੋਭ ਬਿਖਿਆ ਬਿਖੈ ਲਾਗੇ ਹਿਰਿ ਵਿਤ ਚਿਤ ਦੁਖਾਹੀ ॥
ਖਿਨ ਭੰਗੁਨਾ ਕੈ ਮਾਨਿ ਮਾਤੇ ਅਸੁਰ ਜਾਣਹਿ ਨਾਹੀ ॥੧॥ਰਹਾਉ॥
ਬੇਦ ਸਾਸਤ੍ਰ ਜਨ ਪੁਕਾਰਹਿ ਸੁਨੈ ਨਾਹੀ ਡੋਰਾ ॥
ਨਿਪਟਿ ਬਾਜੀ ਹਾਰਿ ਮੂਕਾ ਪਛੁਤਾਇਓ ਮਨਿ ਭੋਰਾ ॥੨॥
ਡਾਨੁ ਸਗਲ ਗੈਰ ਵਜਹਿ ਭਰਿਆ ਦੀਵਾਨ ਲੇਖੈ ਨ ਪਰਿਆ ॥
ਜੇਂਹ ਕਾਰਜਿ ਰਹੈ ਓਲ੍ਹਾ ਸੋਇ ਕਾਮੁ ਨ ਕਰਿਆ ॥੩॥



www.AKJ.Org

ਐਸੋ ਜਗੁ ਮੋਹਿ ਗੁਰਿ ਦਿਖਾਇਓ ਤਉ ਏਕ ਕੀਰਤਿ ਗਾਇਆ ॥
ਮਾਨੁ ਤਾਨੁ ਤਜਿ ਸਿਆਨਪ ਸਰਣਿ ਨਾਨਕੁ ਆਇਆ ॥੪॥੧॥੧੫੨॥

(ਆਸਾ ਮ: ੫, ਪੰਨਾ ੪੦੮)

ਵਿਆਖਿਆ - ਜਿਹੜਾ ਪੁਰਸ਼ ਵਿਕਾਰਾਂ ਅਤੇ ਮਾਇਆ ਮੋਹ ਦੇ ਮਦ (ਨਸ਼ੇ) ਵਿਚਿ ਮਦਹੋਸ਼ ਹੋਇਆ ਘੂਕ ਸੁੱਤਾ ਪਿਆ ਹੈ, ਇਸ ਨੂੰ ਸੁਕ੍ਰਮ ਮੰਦੇ ਚੰਗੇ ਕਰਮ ਕਰਨ ਦੀ ਕੋਈ ਸੂਝ ਬੂਝ (ਹੋਸ਼ ਤਮੀਜ਼) ਨਹੀਂ ਰਹਿੰਦੀ। ਉਹ ਇਸ ਮਦਹੋਸ਼ੀ ਵਿਚਿ ਅੰਨ੍ਹੇਵਾਹ ਮੰਦ ਕਰਮ ਹੀ ਕਰੀ ਜਾਂਦਾ ਹੈ। ਵਾਲਾਂ ਬੋਦੀਆਂ ਨੂੰ ਫੜ ਕੇ ਜਦੋਂ ਜਮੁ ਉਸ ਨੂੰ ਉਠਾਉਂਦਾ ਹੈ ਤਦੋਂ ਹੀ ਉਹ ਹੋਸ਼ ਦੇ ਘਰ ਵਿਚਿ ਆਉਂਦਾ ਹੈ ਅਤੇ ਅੱਖੀਆਂ ਖੋਲ੍ਹ ਕੇ ਜਾਗਦਾ ਹੈ। ਉਕਤ ਮਦਹੋਸ਼ੀ ਤੋਂ ਹੋਸ਼ ਵਾਲੇ ਠਿਕਾਣੇ (ਘਰ) ਜਾਂਦਾ ਹੈ। ਜਿਹੜੇ ਲੋਕ ਵਿਸ਼ਿਆ ਵਿਖੇ ਰਸ ਲੋਭ ਵਿਚਿ ਲਗੇ ਹੋਏ ਹੋਰ ਲੋਕਾਂ ਦੇ ਧਨ ਮਾਲ ਹਿਰ ਕੇ (ਚੁਰਾ ਕੇ) ਉਨ੍ਹਾਂ ਦੇ ਚਿਤ ਦੁਖਾਉਂਦੇ ਹਨ, ਉਹ ਮੂੜ੍ਹ ਰਾਖਸ਼ ਲੋਕ ਖਿਨ ਭੰਗਰੀ ਸੁਆਦ ਵਾਲੀਆਂ ਅਤੇ ਖਿਨ ਵਿਚਿ ਨਾਸ ਹੋਣ ਵਾਲੀਆਂ ਬਸਤਾਂ ਦੇ ਕੂੜਾਵੇ ਮਾਨ ਵਿਚਿ ਮਤੇ ਹੋਏ ਸਮਝਦੇ ਨਹੀਂ। ਖੋਟੇ ਕਰਮ ਕਰੀ ਹੀ ਜਾਂਦੇ ਹਨ।

ਜਿਹੜੇ ਗੁਰਬਾਣੀ ਅਤੇ ਗੁਰ ਦੀਖਿਆ ਕੀਰਤਨ ਸਿਫਤਿ ਸਾਲਾਹ ਰੂਪੀ ਸੱਚੇ ਬੇਦ ਸ਼ਾਸਤ੍ਰਾਂ ਨੂੰ ਗੁਰਮੁਖ ਜਨ (ਖ਼ਾਸ ਸਤਿਗੁਰੂ ਸਾਹਿਬਾਨ) ਪੁਕਾਰ ਪੁਕਾਰ ਕੇ ਸੁਣਾਉਂਦੇ ਹਨ, ਸਿਖਾਉਂਦੇ ਹਨ, ਤਿਨ੍ਹਾਂ ਸੱਚੜੇ ਗੁਰੂ ਘਰ ਦੇ ਦਰਸਾਏ ਬੇਦ ਸ਼ਾਸਤ੍ਰਾਂ ਨੂੰ ਤਾਂ ਸੁਣਦਾ ਨਹੀਂ। ਜਾਣ ਬੁਝ ਕੇ ਬੋਲਾ ਬਣ ਜਾਂਦਾ ਹੈ ਅਤੇ ਤ੍ਰੈਗੁਣੀ ਮਾਇਆ ਮੋਹ ਵਾਲੇ ਆਨਮਤਿ ਬੇਦਾਂ ਸ਼ਾਸਤ੍ਰਾਂ ਦੀ ਕੁਸਿਖਿਆ ਵਾਲੇ ਅਕਰਮਾਂ ਨਾਲਿ ਟਕਰਾਂ ਮਾਰਦਾ ਹੈ। ਜਦੋਂ ਨਿਖੁਟੇ ਜੀਵਨ ਦੀ ਬਾਜ਼ੀ (ਖੇਡ) ਨੂੰ ਮੂਲੋਂ ਹੀ ਉਕੀ ਹੀ ਹਾਰ ਬਹਿੰਦਾ ਹੈ ਤਦੋਂ ਉਹ ਭੋਲਾ ਪੁਰਸ਼ ਮਨ ਵਿਚ ਪਛਤਾਉਂਦਾ ਹੈ, ਅਗਿਆਨਤਾ ਦੇ ਭੋਲੇ ਪਨ (ਕਮਲਊ) ਵਿਚਿ ਕੀਤੇ ਕਰਮਾਂ ਦਾ ਡੰਨ ਅਕਾਰਨ ਅਰਥਾਤ ਬਿਰਥਾ (ਗੈਰ ਵਜਹਿ) ਹੀ ਭਰਦਾ ਹੈ ਅਤੇ ਸਚੁ ਹੀ ਸਚੀ ਹਜ਼ੂਰੀ ਵਾਲੇ ਦੀਵਾਨ ਵਿਚਿ ਕਿਸੇ ਲੇਖੇ ਨਾ ਪਿਆ। ਨਾ ਹੀ ਉਸ ਦੇ ਕਰਮ ਕੀਤੇ ਲੇਖੇ ਪਏ। ਜਿਸ ਸੱਚੜੇ ਕਰਮ ਦੇ ਕੀਤਿਆਂ ਉਸ ਦਾ ਉਹਲਾ ਰਹਿ ਜਾਂਦਾ, ਪੜਦਾ ਢਕਿਆ ਜਾਂਦਾ, ਓਹ ਹੀ ਕੰਮ ਸੱਚੜਾ ਗੁਰਮਤਿ ਨਾਮ ਅਭਿਆਸ ਵਾਲਾ ਉਸ ਨੇ ਨਾ ਕਰਿਆ। ਉਸ ਤੋਂ ਨਾ ਸਰਿਆ। ਅਜਿਹੇ ਕੂੜਾਵੇ ਕਰਮਾਂ ਵਿਚਿ ਖਚਤ ਹੋਏਵੇ ਸੰਸਾਰ ਅਤੇ ਸੰਸਾਰੀਆਂ ਨੂੰ ਦੇਖ ਕੇ ਦ੍ਰਵੀਭੂਤ ਹੋਏਵੇ ਸੱਚੜੇ ਖੋਜੀ ਜਨ ਦੇ ਮਨ ਨੂੰ ਇਬਰਤ ਆਈ। ਤਾਂ ਗੁਰੂ ਦੁਆਰੇ ਹੋਇ ਕੇ ਏਕੋ ਸੱਚੇ ਸਾਹਿਬ ਵਾਹਿਗੁਰੂ ਨੂੰ ਸਮ੍ਹਾਲਿਆ ਅਤੇ ਉਸ ਦਾ ਕੀਰਤਨ ਸੱਚੜਾ ਸੋਹਿਲਾ ਗਾਇਆ। ਮਾਨੁ ਤਾਨੁ ਸਗਲ ਸਿਆਣਪ ਤਜ ਕੇ ਗੁਰੂ ਨਾਨਕ ਦੀ ਸ਼ਰਨੀ ਆਇਆ ਅਤੇ ਨਿਰਮਾਣ ਨਿਸ਼ਕਾਮ ਗੁਰਮਤਿ ਨਾਮ ਅਭਿਆਸ ਕਰਮ ਨੂੰ ਕਮਾਇਆ ਤਾਂ ਘਾਲ ਥਾਉਂ ਪਈ ਤੇ ਲੇਖੇ ਲੱਗੀ। ਇਹ ਫ਼ਰਕ ਹੈ ਆਨਮਤ ਕਰਮਾਂ ਦੇ ਕਰਨ ਦਾ ਅਤੇ ਗੁਰਮਤਿ ਕਰਮ ਦੇ ਕਮਾਉਣ ਦਾ। ਉਹ ਕੁਲੇਖੇ ਜਾਂਦੇ ਹਨ ਅਤੇ ਇਹ ਲੇਖੇ ਪੈਂਦੇ ਹਨ।

ਸਭਿ ਜਪ ਸਭਿ ਤਪ ਸਭ ਚਤੁਰਾਈ ॥ ਊਝੜਿ ਭਰਮੈ ਰਾਹਿ ਨ ਪਾਈ ॥
ਬਿਨੁ ਬੂਝੇ ਕੋ ਥਾਇ ਨ ਪਾਈ ॥ ਨਾਮੁ ਬਿਹੂਣੈ ਮਾਥੇ ਛਾਈ ॥੧॥
ਸਾਚੁ ਧਣੀ ਜਗੁ ਆਇ ਬਿਨਾਸਾ ॥
ਛੂਟਸਿ ਪ੍ਰਾਣੀ ਗੁਰਮੁਖਿ ਦਾਸਾ ॥੧॥ਰਹਾਉ॥
ਜਗੁ ਮੋਹਿ ਬਾਧਾ ਬਹੁਤੀ ਆਸਾ ॥ ਗੁਰਮਤੀ ਇਕਿ ਭਏ ਉਦਾਸਾ ॥
ਅੰਤਰਿ ਨਾਮੁ ਕਮਲੁ ਪਰਗਾਸਾ ॥ ਤਿਨ ਕਉ ਨਾਹੀ ਜਮ ਕੀ ਤ੍ਰਾਸਾ ॥੨॥


www.AKJ.Org

ਜਗੁ ਤ੍ਰਿਆ ਜਿਤੁ ਕਾਮਣਿ ਹਿਤਕਾਰੀ ॥
ਪੁਤ੍ਰ ਕਲਤ੍ਰ ਲਗਿ ਨਾਮੁ ਵਿਸਾਰੀ ॥
ਬਿਰਥਾ ਜਨਮੁ ਗਵਾਇਆ ਬਾਜੀ ਹਾਰੀ ॥
ਸਤਿਗੁਰੁ ਸੇਵੇ ਕਰਣੀ ਸਾਰੀ ॥੩॥
ਬਾਹਰਹੁ ਹਉਮੈ ਕਹੈ ਕਹਾਏ ॥ ਅੰਦਰਹੁ ਮੁਕਤੁ ਲੇਪੁ ਕਦੇ ਨ ਲਾਏ ॥
ਮਾਇਆ ਮੋਹੁ ਗੁਰ ਸਬਦਿ ਜਲਾਏ ॥
ਨਿਰਮਲ ਨਾਮੁ ਸਦ ਹਿਰਦੈ ਧਿਆਏ ॥੪॥
ਧਾਵਤੁ ਰਾਖੈ ਠਾਕਿ ਰਹਾਏ ॥ ਸਿਖ ਸੰਗਤਿ ਕਰਮਿ ਮਿਲਾਏ ॥
ਗੁਰ ਬਿਨੁ ਭੂਲੋ ਆਵੈ ਜਾਏ ॥ ਨਦਰਿ ਕਰੇ ਸੰਜੋਗਿ ਮਿਲਾਏ ॥੫॥
ਰੂੜੋ ਕਹਉ ਨ ਕਹਿਆ ਜਾਈ ॥ ਅਕਥ ਕਥਉ ਨਹ ਕੀਮਤਿ ਪਾਈ ॥
ਸਭ ਦੁਖ ਤੇਰੇ ਸੂਖ ਰਜਾਈ ॥ ਸਭਿ ਦੁਖ ਮੇਟੇ ਸਾਚੈ ਨਾਈ ॥੬॥
ਕਰ ਬਿਨੁ ਵਾਜਾ ਪਗ ਬਿਨੁ ਤਾਲਾ ॥ ਜੇ ਸਬਦੁ ਬੁਝੈ ਤਾ ਸਚੁ ਨਿਹਾਲਾ ॥
ਅੰਤਰਿ ਸਾਚੁ ਸਭੇ ਸੁਖ ਨਾਲਾ ॥ ਨਦਰਿ ਕਰੇ ਰਾਖੈ ਰਖਵਾਲਾ ॥੭॥
ਤ੍ਰਿਭਵਣ ਸੂਝੈ ਆਪੁ ਗਵਾਵੈ ॥ ਬਾਣੀ ਬੂਝੈ ਸਚਿ ਸਮਾਵੈ ॥
ਸਬਦੁ ਵੀਚਾਰੇ ਏਕ ਲਿਵਤਾਰਾ ॥ ਨਾਨਕ ਧੰਨੁ ਸਵਾਰਣਹਾਰਾ ॥੮॥੨॥

(ਆਸਾ ਮ: ੫, ਪੰਨਾ ੪੧੨)

ਵਿਆਖਿਆ - ਭਾਵੇਂ ਕੋਈ ਕਿਤਨੇ ਜਪ ਤਪ ਮਨ ਉਕਤ ਚਤੁਰਾਈ ਕਰ ਲਵੇ, ਪਰ ਉਸ ਨੂੰ ਸੁਮਾਰਗ ਸਿੱਧਾ ਰਾਹ ਪਰਮਾਰਥ ਦਾ ਨਹੀਂ ਮਿਲ ਸਕਦਾ, ਐਵੇਂ ਔਝੜਿ ਹੀ ਭਰਮਦਾ ਹੈ। ਸੱਚੇ ਸੁਮਾਰਗ (ਪਰਮਾਰਥ ਦੇ ਤੱਤ ਮਾਰਗ) ਦੇ ਬੂਝੇ ਬਿਨਾਂ ਅਤੇ ਬੁਝ ਕੇ ਉਸ ਮਾਰਗ ਉਤੇ ਚਲੇ ਬਿਨਾਂ ਕਿਸੇ ਦੀ ਘਾਲ ਥਾਂਉ ਨਹੀਂ ਪੈਂਦੀ। ਨਾਮ ਬਿਹੂਣੇ ਹੋਰਤ ਜਪ ਨੇਮ ਆਦਿਕ ਕਰਨ ਵਾਲੇ ਪ੍ਰਾਣੀ ਦੇ ਮੱਥੇ ਛਾਈ ਹੀ ਪੈਂਦੀ ਹੈ। ਕਖ ਪ੍ਰਾਪਤੀ ਨਹੀਂ ਹੁੰਦੀ। ਮਾਥੇ ਛਾਈ ਪੈਣ ਵਾਲੇ ਕਰਮਾਂ ਦੇ ਕੀਤਿਆਂ ਆਵਾਗਉਣ ਦੇ ਗੇੜਿ ਵਿਚ ਹੀ ਪਈਦਾ ਹੈ।

ਗੁਰਮਤਿ ਨਾਮ ਦੇ ਸੱਚੇ ਕਰਮ ਕਰਨਹਾਰੇ ਅਭਿਆਸੀ ਜਨ ਆਵਾਗਉਣੀਏ ਗੇੜ ਵਾਲੇ ਕਰਮ ਕਦੇ ਨਹੀਂ ਕਮਾਉਂਦੇ। ਇਹ ਚੁਰਾਸੀ ਦੇ ਜੀਵਾਂ ਦਾ ਕੰਮ ਹੈ ਕਿ ਅਜਿਹੇ ਕਰਮਾਂ ਵਿਚਿ ਪਰਵਿਰਤ ਹੋਣ। ਨਾਮ ਅਭਿਆਸ ਕਮਾਈ ਵਾਲੇ ਗੁਰਮੁਖ ਜਨ ਤਾਂ ਸੱਚ ਧਣੀ ਦੇ ਹੀ ਆਸ਼ਕ ਬਿਓਪਾਰੀ ਹਨ, ਜੋ ਸੱਚੇ ਨਾਮ ਦੀ ਕਮਾਈ ਕੀਤਿਆਂ ਹੀ ਮਿਲਦਾ ਹੈ।

ਜਗਤ ਰੂਪੀ ਦ੍ਰਿਸ਼ਟਮਾਨ ਪਸਾਰਾ ਸਭ ਤ੍ਰੈਗੁਣੀ ਮਾਇਆ ਦਾ ਪਸਾਰਾ ਹੀ ਹੈ, ਸਭ ਬਿਨਾਸਮਾਨ ਹੈ, ਕਦੇ ਥਿਰ ਨਹੀਂ ਰਹਿੰਦਾ। ਅਬਿਨਾਸ਼ੀ ਤਾਂ ਇਕੋ ਅਕਾਲ ਪੁਰਖ ਸਾਚ ਧਣੀ ਹੀ ਹੈ ਜੋ ਅਦ੍ਰਿਸ਼ਟ ਅਗੋਚਰ ਹੈ। ਸਭ ਦੁਨੀਆਂ ਦ੍ਰਿਸ਼ਟਮਾਨ ਪਿਛੇ ਹੀ ਦਉੜਦੀ ਹੈ ਅਤੇ ਝੂਠੇ ਬੰਧ ਵਿਚਿ ਹੀ ਫਸੀ ਰਹਿੰਦੀ ਹੈ। ਗੁਰਮੁਖਿ ਪ੍ਰਾਣੀ ਹੀ ਗੁਰੂ ਦੇ (ਸਿਖ ਸਚਿਆਰ) ਬਣ ਕੇ ਛੁਟਦੇ ਹਨ ਅਤੇ ਆਵਾਗਉਣ ਤੋਂ ਰਹਿਤ ਹੁੰਦੇ ਹਨ। ਗੁਰੂ ਦੀ ਕਿਰਪਾ ਨਾਲਿ ਛੁਟੇ ਹੀ ਰਹਿੰਦੇ ਹਨ। ਫਸਦੇ ਨਹੀਂ। ਸਾਰਾ ਸੰਸਾਰ ਮਾਇਆ ਮੋਹ ਬੰਧਨਾਂ ਦਾ ਬੰਧਿਆ ਹੋਇਆ ਹੈ ਅਤੇ ਤ੍ਰਿਸ਼ਨਾ ਬਾਧਾ ਆਸਾ ਬੰਧੂ ਬਣਿਆ ਹੋਇਆ ਬਹੁਤੀ ਮਾਯਾਵੀ ਆਸਾ ਤ੍ਰਿਸ਼ਨਾ ਵਿਚਿ ਹੀ ਖੱਚਤ


www.AKJ.Org

ਰਹਿੰਦਾ ਹੈ। ਐਸੇ ਗੁਰਮੁਖਿ ਜਨ ਭੀ ਜਗ ਵਿਚਿ ਮੌਜੂਦ ਹਨ ਜੋ ਮਾਇਆ ਵਿਚਿ ਰਹਿੰਦੇ ਹੋਏ ਫੇਰ ਮਾਇਆ ਤੋਂ ਅਲੇਪ ਰਹਿੰਦੇ ਹਨ। ਇਹ ਉਪ੍ਰਾਮਤਾ ਮਈ ਨਿਰਲੇਪਤਾ ਤਾਂ ਗੁਰਮੁਖਾਂ ਨੂੰ ਗੁਰਮਤਿ ਨਾਮ ਦੀ ਅਤੁਟ ਅਭਿਆਸ ਕਮਾਈ ਕੀਤਿਆਂ ਪ੍ਰਾਪਤਿ ਹੁੰਦੀ ਹੈ। ਨਾਮ ਅਭਿਆਸ ਕਮਾਈਆਂ ਕਰਿ ਕਰਿ ਜਿਨ੍ਹਾਂ ਦੇ ਘਟਾਂ ਅੰਦਰਿ ਰਸ-ਜੋਤਿ ਰਤੰਨਾ ਨਾਮ ਪ੍ਰਜੁਲਤ ਹੋਇਆ ਹੋਵੇ ਅਤੇ ਹਿਰਦੇ ਦਾ ਉਰਧ ਮੁਖੀ ਨਾਭ ਕਮਲੁ ਸਿੱਧਾ ਹੋ ਕੇ ਪਰਗਾਸ ਹੋਇਆ ਹੋਵੇ ਤੇ ਜੋਤਿ-ਜਗੰਨਾ ਹੋ ਗਿਆ ਹੋਵੇ, ਬਸ ਤਿਨ੍ਹਾਂ ਨੂੰ ਮੋਹ ਮਮਤਾ ਮਈ ਮਾਇਆ ਨਹੀਂ ਪੋਹੰਦੀ। ਓਹ ਜਲ ਕੰਵਲ ਵਤ ਗ੍ਰਿਹਸਤ ਵਿਚਿ ਵਸਦੇ ਰਸਦੇ ਹੋਏ ਭੀ ਨਿਰਲੇਪ ਰਹਿੰਦੇ ਹਨ। ਅਜਿਹੇ ਨਾਮ ਰਿਦੁ-ਵਿਗਾਸੀ ਅਤੇ ਘਟਿ ਕੰਵਲ ਪ੍ਰਗਾਸੀ ਗੁਰਮੁਖ ਜਨਾਂ ਨੂੰ ਜਮ ਦੀ ਤ੍ਰਾਸ ਉਕੀ ਹੀ ਨਹੀਂ ਰਹਿੰਦੀ।

ਸਾਰਾ ਜਗਤ ਸੰਸਾਰ ਕਾਮ ਦਾ ਸ਼ਿਕਾਰ ਬਣਿਆ ਹੋਇਆ ਹੈ। ਪੁਰਸ਼ ਤਾਂ ਤ੍ਰਿਆ ਕਾਮਣੀਆਂ ਇਸਤਰੀਆਂ ਦੇ ਵਸਿ ਕੀਤੇ (ਜਿਤੇ ਹੋਏ) ਹਨ ਅਤੇ ਨਿਰੇ ਕਾਮਵੰਤੀਆਂ ਇਸਤਰੀਆਂ ਕਾਮੀ ਮਰਦਾਂ ਦੇ ਕਾਮ ਭਰੇ ਹਿਤ ਦੇ ਅਧੀਨ ਹੋਈਆਂ ਵੀਆਂ ਹਨ ਅਤੇ ਕਾਮਵੰਤੇ ਮਰਦਾਂ ਦੇ ਵਸਿ ਹੋ ਰਹੀਆਂ ਹਨ (ਜਿੱਤੀਆਂ ਹੋਈਆਂ ਹਨ)। ਤਿਨ੍ਹਾਂ ਨੇ ਪੁੱਤਰ ਧੀਆਂ ਅਤੇ ਕੁਟੰਬ ਦੇ ਹੇਤ ਵਿਚਿ ਖੱਚਤ ਹੋ ਕੇ ਨਾਮੁ ਨੂੰ ਉਕਾ ਹੀ ਵਿਸਾਰ ਛਡਿਆ ਹੈ। ਕੁਟੰਬ ਦੇ ਪੁਤਰ ਕਲਿਤ੍ਰੀ ਧੰਧਿਆਂ ਵਿਚਿ ਲਗ ਕੇ ਸੱਚੇ ਕੰਮ ਦੀ ਤਿਨ੍ਹਾਂ ਨੂੰ ਸੂਝ ਬੂਝ ਹੀ ਨਹੀਂ। ਤਿਨ੍ਹਾਂ ਕੁਟੰਬ ਧੰਧ ਕਰਮੀਆਂ ਨੇ ਸਾਰਾ ਜਨਮ ਬਿਰਥਾ ਹੀ ਗੰਵਾ ਲਿਆ ਹੈ ਅਤੇ ਮਨੁਖਾ ਜਨਮ ਦੀ ਬਾਜ਼ੀ ਹੀ ਹਾਰ ਦਿੱਤੀ। ਸਾਰ ਉਤਮ ਕਰਮ ਕਰਣੀ ਸਤਿਗੁਰੂ ਦੀ ਸੇਵਾ ਹੈ ਅਤੇ ਸਤਿਗੁਰੂ ਦੀ ਤੱਤ ਸਾਰ ਸੇਵਾ ਭਜਨ-ਭਗਤੀ ਹੈ।

ਤਾਂ ਤੇ ਸਤਿਗੁਰੂ ਦ੍ਰਿੜ੍ਹਾਈ ਭਜਨ-ਭਗਤੀ ਮਈ ਨਾਮ ਅਭਿਆਸ ਸਾਰ ਕਰਣੀ ਵਾਲਾ ਗੁਰਮੁਖ ਜਨ ਉਪਰੋਂ ਉਪਰੋਂ ਤਾਂ ਸਭ ਨਾਲਿ ਬਾਤ ਚੀਤ ਮਈ ਠਾਠਾ ਬਾਗਾ ਕਰਦਾ ਹੈ, ਲੋਕਾਂ ਨੂੰ ਐਉਂ ਪ੍ਰਤੀਤ ਹੁੰਦਾ ਹੈ ਕਿ ਹਉਮੈ ਅਪਣੱਤ ਵਾਲਾ ਦੁਨੀਦਾਰ ਹੈ, ਅੰਦਰਹੁ ਉਸ ਜੀਵਨ-ਮੁਕਤ ਗੁਰਮੁਖ ਜਨ ਨੂੰ ਏਹਨਾਂ ਠਾਠਾ ਬਾਗਾਚੀਆਂ ਗੱਲਾਂ ਦਾ ਲੇਪ ਕਦੇ ਲਗਦਾ ਹੀ ਨਹੀਂ, ਸਦਾ ਨਿਰਲੇਪ ਹੀ ਰਹਿੰਦਾ ਹੈ। ਮਾਇਆ ਮੋਹ ਦਾ ਲੇਪ ਉੱਕਾ ਹੀ ਨਹੀਂ ਲੱਗਦਾ। ਗੁਰ ਸਬਦਿ ਦੀ ਪਾਰਸਸ਼ਕਤਿ ਕਮਾਈ ਦੁਆਰਾ ਮਾਇਆ ਮੋਹ ਨੂੰ ਸਾੜ ਸਿਟਦਾ ਹੈ। ਕਿਉਂਕਿ ਨਿਰਮਲ ਨਾਮ ਨੂੰ, ਅੰਮ੍ਰਿਤ ਨਾਮ ਨੂੰ, ਪਾਰਸ ਕਲਾ ਵਾਲੇ ਨਾਮ ਨੂੰ ਸਦਾ ਆਪਣੇ ਹਿਰਦੇ ਵਿਚਿ ਵਸਾਈ ਹੀ ਰੱਖਦਾ ਹੈ ਅਤੇ ਹਿਰਦੇ ਕਰਕੇ ਸੁਆਸ ਅਭਿਆਸ ਸੇਤੀ ਸਦਾ ਅੰਤਰਗਤੀ ਜਪਦਾ ਹੀ ਰਹਿੰਦਾ ਹੈ। ਬੇਮਲੂਮ ਹੀ ਜਾਪਦਾ ਹੈ, ਕਿਸੇ ਨੂੰ ਮਲੂਮ ਨਹੀਂ ਹੁੰਦਾ। ਇਸ ਬਿਧਿ ਉਸ ਦੀ ਸੁਰਤੀ ਬਿਰਤੀ ਨਾਮ ਨਾਲਿ ਹੀ ਜੁਟੀ ਰਹਿੰਦੀ ਹੈ।

ਮਨ ਨੂੰ ਧਾਵਣ ਤੋਂ ਬਰਜੀ ਰੱਖਣ ਦਾ, ਠਾਕੀ ਰੱਖਣ ਦਾ, ਇਹੀ ਇਕੋ ਜ਼ਰੀਆ ਹੈ। ਐਸੇ ਗੁਰਸਿੱਖਿਆਂ ਦੀ ਸੰਗਤਿ ਵਾਹਿਗੁਰੂ ਦੀ ਨਦਰ-ਕਰੰਮੀ ਮੇਹਰ ਨਾਲਿ ਹੀ ਮਿਲਦੀ ਹੈ। ਨਹੀਂ ਤਾਂ ਅਜਿਹੀ ਸੰਗਤ ਤੋਂ ਵਾਂਝੇ ਆਨਮਤ ਕਰਮ ਕਾਂਡੀ ਗੁਰੂ ਬਿਨਾਂ ਸਾਰੀ ਉਮਰਿ ਭੁਲੇ ਹੀ ਫਿਰਦੇ ਰਹਿੰਦੇ ਹਨ ਅਤੇ ਮਰ ਕੇ ਚੁਰਾਸੀ ਦੇ ਗੇੜ ਵਿਚਿ, ਆਵਾ ਗਵਨਾਂ ਦੇ ਫੇਰ ਵਿਚ ਹੀ ਪਏ ਫਿਰਦੇ ਰਹਿੰਦੇ ਹਨ। ਖ਼ਾਸ ਨਦਰ ਮੇਹਰ ਵਾਹਿਗੁਰੂ ਦੀ ਹੋਵੇ ਤਾਂ ਸਤਿਗੁਰੂ ਦੇ ਸੰਜੋਗ ਮੇਲੇ ਦਾ ਢੋ ਜੁੜਦਾ ਹੈ।

ਵਾਹਿਗੁਰੂ ਨਾਲ ਮਿਲੇ ਹੋਏ ਮੇਲ-ਸੰਜੋਗੀਆਂ ਕੋਲੋਂ ਭੀ ਅਤਿ ਸੁੰਦਰ ਵਾਹਿਗੁਰੂ ਦੀ ਅਸਚਰਜ ਸੁੰਦਰਤਾ ਕਹੀ ਕਥੀ ਨਹੀਂ ਜਾਂਦੀ। ਅਕੱਥ ਵਾਹਿਗੁਰੂ ਦੀ ਅਤੇ ਉਸ ਦੇ ਸੁੰਦਰ ਸਰੂਪ ਦੀ ਗਤਿ ਮਿਤਿ ਕੀਮਤਿ ਜੇ ਕੋਈ ਕਥਨੀ ਚਾਹੇ ਤਾਂ ਕਥੀ ਨਹੀਂ ਜਾ ਸਕਦੀ। ਗੱਲਾਂ ਕਰਿ ਕਰਿ ਲੋਕੀਂ ਕਥਾ ਪਾਉਂਦੀ ਹੈ। ਕਥਾ ਨਹੀਂ ਕਰਦੀ। ਵਾਕਈ ਕਥਾ ਕਰਨੀ ਬੜੀ ਹੀ ਅਸੰਭਵ ਹੈ। ਅਕੱਥ ਦੀ ਕਥਾ ਕੀ ਕਹੂ ? ਖਸਮ ਦਾਤਾਰ ਦੇ ਦਿਤੇ ਹੋਏ ਦੁਖ ਭੀ ਉਸ ਦੀ ਰਜ਼ਾ ਸਤਿ ਕਰਿ ਮੰਨਣ ਵਾਲਿਆਂ ਲਈ ਸੁਖ ਰੂਪ ਹੀ ਹਨ। ਹੁਕਮ ਰਜ਼ਾਈ ਚਲਣਹਾਰੇ ਗੁਰਮੁਖਾਂ ਨੇ ਦੁਖ ਸੁਖ ਸਮ ਕਰ ਕੇ ਹੀ ਮੰਨਿਆ ਹੈ। ਸੱਚੇ ਨਾਮ ਦੀ ਕਰਮ ਕਮਾਈ ਦੀ ਕਿਰਪਾ ਨਾਲਿ ਦੁਖ ਕੋਈ ਰਹਿੰਦਾ ਹੀ ਨਹੀਂ, ਸਾਰੇ ਦੁਖ ਮਿਟ ਜਾਂਦੇ ਹਨ। ਜੇਕਰ ਨਾਮ ਰੰਗਾਂ ਵਿਚ ਲੀਨਤਾ ਹੋ ਜਾਏ ਤਾਂ ਸੱਚੀਂ ਮੁੱਚੀਂ ਸੁਖੀ ਹੋ ਜਾਈਦਾ



www.AKJ.Org

ਹੈ, ਸੱਚੀ ਆਤਮ ਮੁਸੱਰਤੀ ਖ਼ੁਸ਼ੀ ਵਾਲੇ ਸੁਖ ਵਿਚਿ ਲੀਨ ਰਹੀਦਾ ਹੈ ।

ਇਸ ਆਤਮ-ਰੰਗਾਂ ਵਾਲੀ ਅਵਸਥਾ ਅੰਦਰਿ ਅੰਦਰਲੇ ਬਿਸਮ ਰੰਗ ਕੀਰਤਨ ਅਖਾੜੇ ਖੁਲ੍ਹ ਜਾਂਦੇ ਹਨ ਅਤੇ ਅਸਚਰਜ ਕੀਰਤਨ ਧੁਨੀਆਂ ਦੀ ਮਸਤੀ ਵਿਚਿ ਅਨੰਦਤ ਹੋ ਜਾਈਦਾ ਹੈ । ਅਜਿਹੇ ਅਨਹਤ ਧੁਨੀ ਦੇ ਕੀਰਤਨ ਮਸਤਾਂ (ਮਤਵਾਲਿਆਂ) ਦੇ ਅੰਦਰਿ ਬਿਨਾਂ ਹੱਥਾਂ ਦੇ ਬਜਾਇਆ ਬਾਜਾ (ਕਰ ਬਿਨ ਬਾਜਾ) ਬਜਦਾ ਰਹਿੰਦਾ ਹੈ ਅਤੇ ਪੈਰਾਂ ਦੀ ਨਿਰਤ ਵਾਲੇ ਘੁੰਗਰੂ ਦੀ ਤਾਲ ਤੋਂ ਬਿਨਾਂ ਹੀ (ਪਗ ਬਿਨ ਤਾਲਾ) ਤਾਲ ਪੂਰੀਦਾ ਰਹਿੰਦਾ ਹੈ । ਇਹ ਹਾਲ ਮਸਤੀ ਵਾਲੀ ਸੱਚੀ ਨਿਹਾਲਤਾ ਉਹਨਾਂ ਨੂੰ ਪ੍ਰਾਪਤਿ ਹੁੰਦੀ ਹੈ ਜਿਨ੍ਹਾਂ ਨੇ ਉਪਰ ਲਿਖੇ ਅਨੁਸਾਰ ਸ਼ਬਦ ਕਮਾਈ ਦੀ ਸੱਚੀ ਬੂਝ ਬੁਝੀ ਹੈ ਅਤੇ ਸੱਚੀ ਨਾਮ ਅੰਮ੍ਰਿਤ ਕਲਾ ਦੀ ਸੁਧਾ ਸੰਜੀਵਨੀ ਸੱਚ ਅਮਲ-ਖੀਵਨੀ ਦਾਰੂ ਪੀਤੀ ਹੈ । ਜਿਸ ਦੇ ਅੰਦਰਿ ਸੱਚੀ ਅੰਮ੍ਰਿਤ ਨਾਮ ਖੁਮਾਰੀ ਦੀ ਮਸਤੀ ਚੜ੍ਹੀ ਹੋਈ ਹੈ, ਉਸ ਦੇ ਅੰਤਰਿ ਆਤਮੇ ਦੀ ਵਾਸਤਵ ਵਿਚਿ ਸੱਚਾ ਆਤਮ ਸੁਖ ਵਸਦਾ ਹੈ । ਇਕ ਆਤਮਾ ਸੁਖ ਕੀ, ਸਾਰੇ ਸੁਖ ਹੀ ਨਾਲਿ ਆ ਵਸਦੇ ਹਨ । ਅੰਤਰਜਾਮੀ ਵਾਹਿਗੁਰੂ ਨਦਰੀ ਨਦਰਿ ਨਿਹਾਲ ਹੋਵੇ ਤਾਂ ਉਹ ਆਪਣੇ ਆਤਮ-ਸੁਖੀ ਭਗਤਾਂ ਦੇ ਏਸ ਪਰਮ ਸੁਖ ਦੀ ਰਖਵਾਲੀ ਆਪਿ ਕਰਦਾ ਹੈ । ਏਸ ਸੁਖ ਤੋਂ ਉਨ੍ਹਾਂ ਨੂੰ ਕਦੇ ਸੁੰਵੇ ਨਹੀਂ ਹੋਣ ਦਿੰਦਾ । ਸਹਿਜ ਸੁਖ ਜੀਰਾਂਦਨੀ ਜੀਰਾਂਦੇ ਵਿਚਿ ਇਸ ਅਜਰ ਸੁਖ ਨੂੰ ਜਰਾਈ ਰੱਖਦਾ ਹੈ । ਅਮਰ ਸੁਖ ਨੂੰ ਅਮਰਾਈ ਰੱਖਦਾ ਹੈ ।

ਇਸ ਅਜਰ ਅਮਰ ਸੁਖ ਦੀ ਜੀਰਾਂਦ ਵਾਲੀ ਸਹਿਜ ਆਤਮ ਅਵਸਥਾ ਅੰਦਰਿ ਹੀ ਆਪੇ ਦਾ ਅਭਾਵ ਹੁੰਦਾ ਹੈ ਅਤੇ ਤ੍ਰਿਭਵਣ ਦੀ ਸੋਝੀ ਵਾਲੀ ਤ੍ਰੈਕਾਲ ਦ੍ਰਿਸ਼ਟੀ ਭੀ ਏਥੇ ਆ ਕੇ ਹੀ ਖੁਲ੍ਹਦੀ ਹੈ । ਗੁਰਬਾਣੀ ਨਾਮ ਦੀ ਅੰਮ੍ਰਿਤ ਕਲਾ ਰੋਮ ਰੋਮ ਅੰਦਰਿ ਪ੍ਰਵੇਸ਼ ਹੋਣ ਕਰਿ ਹੀ ਏਸ ਤ੍ਰੈਕਾਲ-ਦਰਸਤਾ ਵਾਲੀ ਸੋਝੀ ਸੁਝਦੀ ਹੈ । ਹੋਰ ਆਨਮਤ ਹਠ ਯੋਗ ਕੀਤਿਆਂ ਨਹੀਂ ਸੁਝਦੀ । ਕੇਵਲ ਗੁਰਬਾਣੀ ਨਾਮ ਦੀ ਗੁਰਮਤਿ ਪਾਰਸ ਕਮਾਈ ਕਰ ਕੇ ਸੱਚੇ ਵਾਹਿਗੁਰੂ ਦੇ ਸਰੂਪ ਵਿਚਿ ਸਮਾਈ ਹੁੰਦੀ ਹੈ । ਇਹ ਏਕੈ ਲਿਵਤਾਰ ਵਾਲੀ ਸੱਚ ਸਮਾਈ ਗੁਰ-ਸ਼ਬਦ ਦੀ ਅਭਿਆਸ ਰੂਪੀ ਕਮਾਈ ਕਰਕੇ ਹੀ ਹੁੰਦੀ ਹੈ । ਐਸੇ ਕਮਾਈ ਵਾਲਿਆਂ ਨੂੰ ਸਾਜ ਕੇ ਸੰਵਾਰਨਹਾਰ ਵਾਹਿਗੁਰੂ ਧੰਨ ਹੈ ਅਤੇ ਅਜਿਹੇ ਗੁਰੂ ਸੰਵਾਰੇ ਸਿਖ ਭੀ ਧੰਨ ਹਨ ਜਿਨ੍ਹਾਂ ਨੇ ਅਜਿਹੀ ਗੁਰਮਤਿ-ਗੀਧੀ ਨਾਮ ਕਮਾਈ ਕੀਤੀ ਹੈ । ਏਥੇ ਆਨਮਤ ਕਰਮ ਫ਼ਿਲਾਸਫ਼ੀ ਦਾ ਗੁਰਮਤਿ ਫ਼ਿਲਾਸਫ਼ੀ ਨਾਲਿ ਟਾਕਰਾ ਕੀ ? ਮੁਕਾਬਲਾ ਹੀ ਕੀ ? ਸੱਚ ਪੁਛੋ ਤਾਂ ਗੁਰਮਤਿ ਕਰਮ ਵਿਲੱਖਣਤਾ ਨੂੰ ਫ਼ਿਲਾਸਫ਼ੀ ਦਾ ਪਦ (ਨਾਉਂ) ਦੇਣਾ ਹੀ ਅਨਉਚਿਤ ਹੈ ।

> 'ਸਿੱਖ ਗੁਰੂ ਗੋਬਿੰਦ ਸਿੰਘ ਖ਼ਾਲਸੇ 'ਚ ਫ਼ਕੀਰ ਅਤੇ ਗੁਰਗੱਦੀ ਦੇ ਬਾਦਸ਼ਾਹ ਸੀ । ਰਣ 'ਚ ਸੂਰਬੀਰਤਾ, ਧਰਮ ਨਿਯਮਾਂ ਦੀ ਪਾਲਣਾ, ਗੁਰੂ ਜੀ ਤੇ ਸਿੱਖਾਂ ਤੋਂ ਬਿਨਾਂ ਹੋਰ ਕੋਈ ਵੀ ਇਸ ਰਾਹ 'ਤੇ ਤੁਰਦਾ ਨਹੀਂ ਦੇਖਿਆ ਪੜ੍ਹਿਆ ।'
>
> -ਸਯੱਦ ਮੁਹੰਮਦ ਲਤੀਫ਼



www.AKJ.Org

# ਜੀਵਨ-ਝਲਕੀਆਂ ਡਾਕਟਰ ਸੁਰਿੰਦਰ ਸਿੰਘ ਜੀ

ਭਾਈ ਬਾਲਾ ਸਿੰਘ ਜੀ ਨਾਲ ਮਿਲਾਪ -

ਪ੍ਰਭ ਮਿਲਬੇ ਕਉ ਪ੍ਰੀਤਿ ਮਨਿ ਲਾਗੀ ॥
ਪਾਇ ਲਗਉ ਮੋਹਿ ਕਰਉ ਬੇਨਤੀ ਕੋਊ ਸੰਤੁ ਮਿਲੈ ਬਡਭਾਗੀ ॥੧॥ਰਹਾਉ॥
ਮਨੁ ਅਰਪਉ ਧਨੁ ਰਾਖਉ ਆਗੈ ਮਨ ਕੀ ਮਤਿ ਮੋਹਿ ਸਗਲ ਤਿਆਗੀ ॥
ਜੋ ਪ੍ਰਭ ਕੀ ਹਰਿ ਕਥਾ ਸੁਨਾਵੈ ਅਨਦਿਨੁ ਫਿਰਉ ਤਿਸੁ ਪਿਛੈ ਵਿਰਾਗੀ ॥੧॥੨॥੧੧੯॥

(ਪੰਨਾ ੨੦੪)

ਡਾ: ਸੁਰਿੰਦਰ ਸਿੰਘ ਜੀ ਦਾ ਭਾਈ ਬਾਲਾ ਸਿੰਘ ਜੀ ਨਾਲ ਕੋਈ ਪਰਾ-ਪੂਰਬਲਾ ਸੰਜੋਗ ਸੀ। ਇਸ ਧੁਰ-ਸੰਜੋਗੀ ਸਾਂਝ ਦਾ ਪ੍ਰਗਟਾਵਾ ਭਾਵੇਂ ਦੇਰ ਨਾਲ ਹੋਇਆ, ਪਰ ਇਹ ਐਸੀ ਸਾਂਝ ਬਣੀ ਕਿ ਪਿਆਰ-ਮਿਲਣੀ ਦੀਆਂ ਇਹ ਗੰਢਾਂ ਪੱਕੀਆਂ ਪੀਡੀਆਂ ਪੈ ਗਈਆਂ।

ਬਚਪਨ ਵਿਚ ਹੀ ਮਾਤਾ ਪਿਤਾ ਦੇ ਵਿਛੜ ਜਾਣ ਕਰਕੇ ਭਾਈ ਬਾਲਾ ਸਿੰਘ ਜੀ ਸੰਤ ਬਾਬਾ ਸੁੰਦਰ ਸਿੰਘ ਜੀ ਕੀਰਤਨ ਗੜ੍ਹ ਦੀ ਸਪੁਰਦਗੀ ਵਿਚ ਪਲੇ ਅਤੇ ਵਿਦਿਆ ਦੀ ਪ੍ਰਾਪਤੀ ਕੀਤੀ। ਇਸ ਬਚਪਨ ਦੇ ਸਮੇਂ ਵਿਚ ਉਥੋਂ ਇਤਨਾ ਪਿਆਰ ਮਿਲਦਾ ਰਿਹਾ ਮਾਪਿਆਂ ਦਾ ਵਿਛੋੜਾ ਮਹਿਸੂਸ ਹੀ ਨਾ ਹੋਇਆ। ਬਾਬਾ ਜੀ ਨੇ ਹਰ ਤਰ੍ਹਾਂ ਨਾਲ ਸੁਖ ਅਰਾਮ ਵਿਚ ਰਖਿਆ ਅਤੇ ਜਵਾਨ ਹੋਣ ਤੇ ਸਰਕਾਰੀ ਨੌਕਰੀ ਵੀ ਲੈ ਦਿੱਤੀ।

ਨੌਕਰੀ ਲਗਣ ਪਿਛੋਂ ਸਤਸੰਗਤ ਤੋਂ ਵਿਛੜ ਗਏ ਅਤੇ ਕੁਸੰਗਤ ਵਿਚ ਘਿਰ ਜਾਣ ਕਰਕੇ ਮਨੋ-ਬ੍ਰਿਤੀ ਦਾ ਰੁਝਾਣ ਮਾਇਆਵੀ ਹੁੰਦਾ ਗਿਆ। ਕੁਸੰਗਤ ਕਾਰਨ ਗੁਰਸਿਖੀ ਜੀਵਨ ਵਲੋਂ ਦੂਰ ਹੁੰਦੇ ਗਏ। ਪਰ ਇਸ ਦੇ ਬਾਵਜੂਦ ਵੀ ਸੰਤ-ਬਾਬਿਆਂ ਦੀ ਬਚਪਨ ਤੋਂ ਹੋਈ ਸੰਗਤ ਸਦਕਾ ਅੰਦਰ ਸਿਖੀ ਦੀ ਚਿਣਗ ਮੌਜੂਦ ਸੀ, ਜੋ ਮਾਇਆਵੀ ਪ੍ਰਭਾਵ ਹੇਠ ਦਬੀ ਹੋਈ ਵੀ ਅੰਦਰੋਂ ਫੁਟ ਫੁਟ ਪੈਂਦੀ ਅਤੇ ਕਦੀ ਕਦੀ ਹੂਕ ਉਠਦੀ -

ਕੋਈ ਜਨੁ ਹਰਿ ਸਿਉ ਦੇਵੈ ਜੋਰਿ ॥ (੭੦੧)

ਆਪ ਦੀ ਤਬਦੀਲੀ ਸ੍ਰੀ ਅੰਮ੍ਰਿਤਸਰ ਜੀ ਹੋ ਗਈ। ਅੰਦਰ ਵਸ ਰਹੀ ਪਿਆਰ-ਕਣੀ ਸਦਕਾ ਦਫ਼ਤਰ ਵਿਚ ਬੈਠਿਆਂ ਵੀ ਵੈਰਾਗ ਦੀਆਂ ਕਾਂਗਾਂ ਉਠ ਉਠ ਪੈਂਦੀਆਂ ਅਤੇ ਕਿਸੇ ਪੁਜੇ ਹੋਏ ਸਤ-ਪੁਰਖ ਦੀ ਭਾਲ ਬਣੀ ਰਹਿੰਦੀ। ਇਥੇ ਦਫ਼ਤਰ ਵਿਚ ਆਪਣੇ ਸਾਥੀ ਵਰਕਰ ਭਾਈ ਮਨਜੀਤ ਸਿੰਘ ਜੀ ਦੇ ਤਰਲੇ ਲਏ ਕਿ ਕਿਸੇ ਗੁਰੂ-ਸਵਾਰੇ ਮਹਾਂ ਪੁਰਖ ਦੇ ਦਰਸ਼ਨ ਕਰਾਓ।

ਮਿਲਾਪ ਦਾ ਉਹ ਅਉਸਰ ਆ ਬਣਿਆ। ਭਾਈ ਮਨਜੀਤ ਸਿੰਘ ਨੇ ਗਿਆਨੀ ਭਗਵਾਨ ਸਿੰਘ ਜੀ ਦੇ ਗ੍ਰਹਿ ਦਾ ਟਿਕਾਣਾ ਦਸਦਿਆਂ ਭਾਈ ਬਾਲਾ ਸਿੰਘ ਜੀ ਨੂੰ ਦੱਸ ਪਾਈ ਕਿ ਇਨ੍ਹਾਂ ਦੇ ਸਮਾਗਮ ਵਿਚ ਡਾ: ਸੁਰਿੰਦਰ ਸਿੰਘ ਜੀ ਜ਼ਰੂਰ ਪੁਜਣਗੇ, ਜੋ ਬੜੀ ਉਚ ਕਰਣੀ ਵਾਲੇ ਸੰਤ-ਪੁਰਸ਼ ਹਨ ਅਤੇ ਇਨ੍ਹਾਂ ਨੂੰ ਮਿਲ ਕੇ ਅੰਦਰ ਠੰਢ ਤੇ ਸ਼ਾਂਤੀ ਵਰਤਦੀ ਹੈ।

ਭਾਈ ਬਾਲਾ ਸਿੰਘ ਜੀ ਐਤਵਾਰ ਦੇ ਉਸ ਸਮਾਗਮ ਵਿਚ ਅੰਮ੍ਰਿਤ ਵੇਲੇ ਹੀ ਪੁਜ ਗਏ। ਕੀਰਤਨ ਦੀ ਸਮਾਪਤੀ ਪਿਛੋਂ



www.AKJ.Org

ਡਾਕਟਰ ਜੀ ਆਪਣੀ ਮਸਤੀ ਵਿਚ ਪਿਆਰ-ਖੇਡਾਂ ਰਚਾਂਦੇ ਬਾਹਰ ਖਲੋਤੇ ਸਿੰਘਾਂ ਦੀ ਦਰੁਸਤੀ ਕਰਨ ਲਈ ਕੁਝ ਡਾਂਟ ਕਰ ਰਹੇ ਸਨ ਜੁ ਭਾਈ ਮਨਜੀਤ ਸਿੰਘ ਜੀ ਭਾਈ ਬਾਲਾ ਸਿੰਘ ਦੇ ਨਾਲ ਉਥੇ ਆ ਪੁਜੇ ਅਤੇ ਦਸਿਆ ਕਿ ਇਹ ਹਨ ਉਹ ਗੁਰੂ ਸੰਵਾਰੇ ਡਾ: ਸੁਰਿੰਦਰ ਸਿੰਘ ਜੀ, ਜਿਨ੍ਹਾਂ ਦੇ ਦਰਸ਼ਨਾਂ ਲਈ ਆਪ ਨੂੰ ਬੇਨਤੀ ਕੀਤੀ ਸੀ। ਡਾਕਟਰ ਜੀ ਨੇ ਭਾਈ ਬਾਲਾ ਸਿੰਘ ਜੀ ਵਲ ਇਕ ਝਾਤ ਪਾਈ ਅਤੇ ਇਉਂ ਪ੍ਰਤੀਤ ਹੋਇਆ ਜਿਵੇਂ ਕਿ ਉਹ ਇਕੋ ਤਕਣੀ ਵਿਚ ਹੀ ਸਭ ਕੁਝ ਬੁਝ ਗਏ ਹੋਣ। ਭਾਈ ਬਾਲਾ ਸਿੰਘ ਜੀ ਦਰਸ਼ਨ ਕਰ ਕੇ ਠਰ ਗਏ ਅਤੇ ਘਰ ਚਰਨ ਪਾਉਣ ਲਈ ਬੇਨਤੀ ਕੀਤੀ, ਜੋ ਪਰਵਾਨ ਹੋ ਗਈ।

ਡਾਕਟਰ ਜੀ ਨੀਯਤ ਤ੍ਰੀਕ ਤੇ ਦਸੇ ਟਿਕਾਣੇ ਅਨੁਸਾਰ ਇਨ੍ਹਾਂ ਦੇ ਗ੍ਰਿਹਿ ਵਿਖੇ ਪੁਜੇ। ਭਾਈ ਬਾਲਾ ਸਿੰਘ ਜੀ ਦੀ ਸੁਪਤਨੀ ਨੂੰ ਤਾਂ ਚਾਅ ਚੜ੍ਹ ਗਿਆ ਅਤੇ ਬੜੇ ਪਿਆਰ ਨਾਲ ਸੇਵਾ ਕੀਤੀ। ਡਾਕਟਰ ਜੀ ਇਨ੍ਹਾਂ ਪਾਸ ਗੁਰਮਤਿ ਅਨੁਸਾਰ ਕਈ ਮਿਠੇ ਮਿਠੇ ਬਚਨ ਕਰਦੇ ਰਹੇ ਅਤੇ ਫਿਰ ਕੁਝ ਛਕ-ਛਕਾ ਕੇ ਤੁਰ ਪਏ। ਤੁਰਨ ਲਗਿਆਂ ਦੰਪਤੀ ਨੇ ਫਿਰ ਗ੍ਰਿਹਿ ਵਿਖੇ ਦਰਸ਼ਨ ਦੇਣ ਲਈ ਬੇਨਤੀ ਕੀਤੀ। ਡਾਕਟਰ ਜੀ ਪ੍ਰੇਮੀ-ਜੀਉੜਿਆਂ ਦੀ ਖਿਚ ਦਾ ਬੜਾ ਸਤਿਕਾਰ ਕਰਦੇ ਸਨ ਅਤੇ ਮੀਲਾਂ ਦਾ ਪੰਧ ਕਟ ਕੇ ਵੀ ਪ੍ਰੇਮੀ-ਹਿਰਦਿਆਂ ਦੀ ਸਿਕ ਪੂਰੀ ਕਰਦੇ ਹੋਏ, ਗੁਰਸਿੱਖੀ ਦੀ ਸਾਂਝ ਪੀਡੀ ਕਰਨ ਲਈ, ਉਨ੍ਹਾਂ ਪਾਸ ਪੁਜਦੇ ਸਨ।

ਭਾਈ ਬਾਲਾ ਸਿੰਘ ਜੀ ਜਦੋਂ ਵੀ ਖਿਚ ਕਰਦੇ, ਡਾਕਟਰ ਜੀ ਨੇ ਉਨ੍ਹਾਂ ਦੇ ਗ੍ਰਿਹਿ ਵਿਚ ਪੁਜ ਜਾਣਾ। ਭਾਈ ਬਾਲਾ ਸਿੰਘ ਜੀ ਦਾ ਬਚਪਨ ਮਾਪਿਆਂ ਦੇ ਵਿਛੋੜੇ ਪਿਛੋਂ ਜਿਵੇਂ ਸੰਤ-ਬਾਬਿਆਂ ਪਾਸ ਪਿਆਰ ਨਾਲ ਬੀਤਿਆ ਸੀ, ਉਸ ਵਿਥਿਆ ਨੂੰ ਸੁਣ ਕੇ ਤਾਂ ਡਾਕਟਰ ਜੀ ਬੜੇ ਹੀ ਪ੍ਰਸੰਨ ਹੋਏ ਅਤੇ ਖੁਸ਼ੀਆਂ ਵਿਚ ਆ ਕੇ ਅੰਮ੍ਰਿਤ-ਭਿੰਨੇ ਲੋਇਣਾਂ ਨਾਲ ਡਾਢੇ ਪਿਆਰ ਨਾਲ ਉਨ੍ਹਾਂ ਵਲ ਤਕੇ ਤੇ ਫਿਰ ਕਿਹਾ, ਤੁਸੀਂ ਅਖੰਡ ਕੀਰਤਨੀ ਜਥੇ ਦੇ ਅੰਮ੍ਰਿਤ-ਸੰਚਾਰ ਸਮਾਗਮ ਵਿਚ ਪੇਸ਼ ਹੋ ਕੇ ਪਿਛਲੀਆਂ ਤਰੁਟੀਆਂ ਦੀ ਦਰੁਸਤੀ ਕਰਵਾ ਕੇ ਅੰਮ੍ਰਿਤ ਪਾਨ ਕਰੋ, ਫਿਰ ਗੱਲ ਬਣੇਗੀ। ਸਮਾਂ ਢੁਕਣ ਤੇ ਦੰਪਤੀ ਨੇ ਜਥੇ ਦੇ ਅੰਮ੍ਰਿਤ-ਸਮਾਗਮ ਵਿਚ ਪੇਸ਼ ਹੋ ਕੇ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਅਤੇ ਗੁਰਸਿਖੀ ਰਹਿਤ-ਰਹਿਣੀ ਵਿਚ ਪਰਪੱਕ ਹੋ ਗਏ। ਬੀਬੀ ਜੀ ਵੀ ਕੇਸਕੀ ਸਜਾ ਕੇ ਤਿਆਰ-ਬਰ-ਤਿਆਰ ਹੋ ਗਏ। ਇਸ ਤੋਂ ਪਿਛੋਂ ਜਦੋਂ ਵੀ ਡਾਕਟਰ ਜੀ ਸ੍ਰੀ ਅੰਮ੍ਰਿਤਸਰ ਆਉਂਦੇ, ਇਨ੍ਹਾਂ ਦੇ ਜ਼ਰੂਰ ਹੋ ਕੇ ਜਾਂਦੇ।

ਭਾਈ ਬਾਲਾ ਸਿੰਘ ਜੀ ਦੇ ਗ੍ਰਿਹਿ ਸਤਿਗੁਰੂ ਜੀ ਦਾ ਬਖਸ਼ਿਆ ਸਭ ਕੁਝ ਸੀ, ਪਰ ਇਕ ਭੁਜੰਗੀ ਦੀ ਥੁੜ ਜ਼ਰੂਰ ਮਹਿਸੂਸ ਹੁੰਦੀ ਸੀ। ਇਸੇ ਥੁੜ ਨੂੰ ਪੂਰਾ ਕਰਨ ਲਈ ਆਪ ਜੀ ਨੇ ਰਿਸ਼ਤੇਦਾਰੀ ਚੋਂ ਇਕ ਬੱਚਾ ਲੈ ਕੇ ਪਾਲਿਆ ਸੀ, ਪਰ ਉਹ ਸੁਖ ਦੇਣ ਦੀ ਥਾਂ ਇਨ੍ਹਾਂ ਨੂੰ ਤੰਗ ਹੀ ਕਰਦਾ ਰਹਿੰਦਾ। ਅੰਮ੍ਰਿਤ ਛਕਣ ਤੋਂ ਬਾਅਦ ਗੁਰਸਿਖੀ ਰਹਿਤ-ਬਹਿਤ ਵਿਚ ਆਉਣ ਨਾਲ ਤਾਂ ਉਹ ਬਹੁਤ ਹੀ ਤੰਗ ਕਰਦਾ, ਕਿਉਂਕਿ ਉਸ ਦੀਆਂ ਸਵਾਦ-ਪ੍ਰਤਿਸ਼ਟੀਆਂ ਹੋਰ ਤਰ੍ਹਾਂ ਦੀਆਂ ਸਨ।

ਇਕ ਦਿਨ ਡਾਕਟਰ ਜੀ ਆਏ ਅਤੇ ਬੜੇ ਹੀ ਰੰਗਾਂ ਵਿਚ ਸਜ ਗਏ। ਉਹ ਬੜੇ ਖੁਸ਼ ਖੁਸ਼ ਪ੍ਰਤੀਤ ਹੋ ਰਹੇ ਸਨ। ਡਾਕਟਰ ਜੀ ਬੀਬੀ ਜੀ ਦੀ ਸੇਵਾ ਕਰਕੇ ਉਨ੍ਹਾਂ ਤੇ ਤਾਂ ਬਹੁਤ ਪ੍ਰਸੰਨ ਸਨ। ਇਸ ਸਮੇਂ ਭਾਈ ਬਾਲਾ ਸਿੰਘ ਜੀ ਨੇ ਬੇਨਤੀ ਕੀਤੀ ਕਿ ਪੰਜਾਂ ਪਿਆਰਿਆਂ ਤੋਂ ਨਾਮ-ਅੰਮ੍ਰਿਤ ਦੀ ਦਾਤ ਤਾਂ ਪ੍ਰਾਪਤ ਹੋ ਗਈ ਹੈ, ਪਰ ਨਾਮ ਦੀ ਚੜ੍ਹਦੀ ਕਲਾ ਲਈ ਜਾਚਨਾ ਹੈ, ਉਸ ਲਈ ਕੋਈ ਬਖਸ਼ਸ਼ ਕਰੋ। ਡਾਕਟਰ ਜੀ ਮੁਸਕ੍ਰਾਏ ਤੇ ਕਿਹਾ -

'ਰਾਮ ਜਪਉ ਜੀਅ ਐਸੇ ਐਸੇ ॥ ਧ੍ਰੂ ਪ੍ਰਹਿਲਾਦ ਜਪਿਓ ਹਰਿ ਜੈਸੇ ॥' (੩੩੭)

ਕੁਝ ਦਿਨਾਂ ਬਆਦ ਫਿਰ ਬਾਲਾ ਸਿੰਘ ਜੀ ਨੇ ਨਾਮ ਦੀ ਚੜ੍ਹਦੀ ਕਲਾ ਦੀ ਬਖਸ਼ਸ਼ ਪ੍ਰਾਪਤ ਕਰਨ ਦੀ ਚਾਹਨਾ ਪ੍ਰਗਟ ਕੀਤੀ ਤਾਂ ਆਪ ਜੀ ਬੋਲੇ 'ਭਾਈ, ਨਾਮ ਜਪਣਾ ਬੜਾ ਔਖਾ ਹੈ। ਹਾਂ ਜੇ, ਤੁਹਾਨੂੰ ਪੁੱਤਰ ਦੀ ਕੋਈ ਇਛਾ ਹੋਵੇ ਤਾਂ ਗੁਰੂ-ਘਰ ਵਿਚ ਕਿਸੇ ਗੱਲ ਦੀ ਕਮੀ ਨਹੀਂ। ਘਰ ਵਿਚ ਸਲਾਹ ਕਰ ਲਵੋ।



www.AKJ.Org

ਡਾਕਟਰ ਜੀ ਦੇ ਜਾਣ ਪਿਛੋਂ ਵਿਚਾਰਾਂ ਹੁੰਦੀਆਂ ਰਹੀਆਂ। ਅਖ਼ੀਰ ਸਿੰਘਣੀ ਕਹਿਣ ਲੱਗੀ, ਉਮਰ ਵਡੇਰੀ ਹੋ ਗਈ ਹੈ, ਬੱਚਾ ਪਾਲਦਿਆਂ ਪਾਲਦਿਆਂ ਅੱਗਾ ਨੇੜੇ ਆ ਜਾਣਾ ਹੈ ਅਤੇ ਜ਼ਿੰਦਗੀ ਨਾਮ ਤੋਂ ਖ਼ਾਲੀ ਹੀ ਬੀਤ ਜਾਣੀ ਹੈ। ਸੋ ਨਾਮ ਦੀ ਬਖ਼ਸ਼ਸ਼ ਪ੍ਰਾਪਤ ਕਰਨੀ ਚਾਹੀਦੀ ਹੈ। ਇਹ ਵਿਚਾਰ ਬਣਾ ਕੇ ਹੱਟੇ ਹੀ ਸਨ ਕਿ ਡਾਕਟਰ ਜੀ ਆ ਪੁਜੇ। ਜਲ ਪਾਣੀ ਛਕਾਉਣ ਤੋਂ ਬਾਅਦ ਫਿਰ ਉਹੋ ਜੋਦੜੀ ਕੀਤੀ ਕਿ ਜੇ ਪ੍ਰਸੰਨ ਹੋਏ ਹੋ ਤਾਂ ਨਾਮ ਦੀ ਚੜ੍ਹਦੀ ਕਲਾ ਦੀ ਹੀ ਬਖ਼ਸ਼ਸ਼ ਕਰੋ ਜੀ। ਆਪ ਨੇ ਫਿਰ ਕਿਹਾ, 'ਭਾਈ, ਨਾਮ ਜਪਣਾ ਬੜਾ ਹੀ ਔਖਾ ਹੈ, ਬੜਾ ਕੁਝ ਛਡਣਾ ਪੈਂਦਾ ਹੈ। ਅੱਛਾ ਇਉਂ ਕਰੋ ਕਿ ਪਹਿਲਾਂ ਤੁਸੀਂ ਨੌਕਰੀ ਛਡੋ।' ਇਹ ਸੁਣ ਕੇ ਭਾਈ ਬਾਲਾ ਸਿੰਘ ਕਹਿਣ ਲੱਗੇ, 'ਡਾਕਟਰ ਜੀ, ਨੌਕਰੀ ਛਡ ਕੇ ਭੁਖੇ ਮਰ ਜਾਵਾਂਗੇ। ਸਾਡਾ ਤੇਂ ਗੁਜ਼ਾਰਾ ਹੀ ਤਨਖਾਹ ਤੇ ਹੈ, ਖਾਵਾਂਗੇ ਕਿਥੋਂ ?' ਡਾਕਟਰ ਜੀ ਨੇ ਕਿਹਾ, ਕੁਝ ਦਿਨ ਹੋਰ ਸੋਚ ਲਓ। ਡਾਕਟਰ ਜੀ ਚਲੇ ਗਏ ਤੇ ਇਹ ਦੋਵੇਂ ਜੀਅ ਦੁਚਿਤੀ ਵਿਚ ਫਸ ਗਏ। ਪੈਨਸ਼ਨ ਦਾ ਹਿਸਾਬ ਕਿਤਾਬ ਲਾਇਆ ਤਾਂ ਉਹ ਪੈਸੇ ਥੋੜੇ ਅਤੇ ਖ਼ਰਚਾ ਬਹੁਤਾ। ਕਈ ਦਿਨ ਸੋਚਦੇ ਰਹੇ। ਡਾਕਟਰ ਜੀ ਨੇ ਪ੍ਰੇਮ-ਖਿਚ ਵਿਚ ਫਿਰ ਇਧਰ ਨੂੰ ਮੋਹਾਰਾਂ ਮੋੜੀਆਂ। ਆ ਕੇ ਪੁਛਿਆ ਕਿ ਸੁਣਾਓ, ਕੀ ਸੋਚਿਆ ਜੇ ? ਦੋਵੇ ਜੀਅ ਬੋਲੇ, ਖਾਵਾਂਗੇ ਕਿਥੋਂ, ਪੈਨਸ਼ਨ ਦੇ ਪੈਸੇ ਤਾਂ ਬੜੇ ਥੋੜੇ ਬਣਦੇ ਹਨ ?' ਤਾਂ ਆਪ ਜੀ ਡਾਢੇ ਹੀ ਪਿਆਰ ਰੰਗਾਂ ਵਿਚ ਬੋਲੇ, 'ਭਰੋਸਾ ਕਰੋ, ਪ੍ਰਭੂ ਸਭ ਦੀ ਸਾਰ ਸੰਭਾਲ ਕਰਦਾ ਹੈ, ਤੁਹਾਡੀ ਵੀ ਪ੍ਰਤਿਪਾਲਣਾ ਕਰੇਗਾ।'

ਭਾਈ ਬਾਲਾ ਸਿੰਘ ਜੀ ਆਪਣੇ ਆਪ ਵਿਚ ਕਾਇਮ ਹੋ ਗਏ। ਉਸੇ ਵੇਲੇ ਡਾਕਟਰ ਜੀ ਦੇ ਬੈਠਿਆਂ ਹੀ ਨੌਕਰੀ ਛੱਡਣ ਲਈ ਅਸਤੀਫਾ ਲਿਖ ਦਿੱਤਾ। ਡਾਕਟਰ ਜੀ ਨੇ ਫਿਰ ਪਿਆਰ ਵਿੱਚ ਪ੍ਰਸੰਨ ਹੋ ਕੇ ਕਿਹਾ, ਭਾਈ ਨਾਮ ਜਪਣ ਦੀ ਚੜ੍ਹਦੀ ਕਲਾ ਲਈ ਕੁਝ ਹੋਰ ਵੀ ਦੁਨਿਆਵੀ, ਕੂੜਾਵੀਆਂ ਤੇ ਹਉਮੈ-ਭਰਪੂਰ ਗੱਲਾਂ ਤੋਂ ਦੂਰ ਰਹਿਣਾ ਹੋਵੇਗਾ-

੧) ਕਿਸੇ ਵੀ ਦੁਨਿਆਵੀ ਰਿਸ਼ਤੇਦਾਰੀ ਵਿਚ ਨਹੀਂ ਖੁਭਣਾ। ਜਦੋਂ ਤੁਸੀਂ ਕਿਸੇ ਦੇ ਨਹੀਂ ਜਾਉਗੇ, ਕੋਈ ਤੁਹਾਡੇ ਨਹੀਂ ਆਵੇਗਾ ਅਤੇ ਖੁਸ਼ ਰਹੋਗੇ। ਇਹ ਸੰਸਾਰੀ ਲੋਕ ਕੂੜਾਵੀਆਂ ਵਡਿਆਈਆਂ ਅਧੀਨ ਬਹੁਤ ਕੁਝ ਲੋਚਦੇ ਹਨ ਅਤੇ ਨਾਮ ਤੋਂ ਦੂਰ ਲਿਜਾਂਦੇ ਹਨ। ਇਨ੍ਹਾਂ ਨਾਲ ਵਰਤੋਂ-ਵਿਹਾਰ ਕਰਨ ਨਾਲ ਮਨ ਦੇ ਫੁਰਨਿਆਂ ਦੀ ਦੌੜ ਹੋਰ ਤਰ੍ਹਾਂ ਦੀ ਹੋ ਜਾਂਦੀ ਹੈ।

੨) ਆਪਣਾ ਪਹਿਰਾਵਾ ਗੁਰਮੁਖੀ ਸਾਦਾ ਰੱਖਣਾ। ਖੱਦਰ ਦਾ ਪਹਿਰਾਵਾ ਬਹੁਤ ਠੀਕ ਰਹਿੰਦਾ ਹੈ, ਸਰਦੀਆਂ ਵਿਚ ਗਰਮ ਅਤੇ ਗਰਮੀਆਂ ਵਿਚ ਠੰਢਾ। ਵੈਸੇ ਵੀ ਸਸਤਾ ਹੈ। ਜਿਥੇ ਸਾਦਾ ਹੈ ਉਥੇ ਅਹੰਗਤਾ ਤੋਂ ਦੂਰ ਰੱਖਦਾ ਹੈ। ਪੈਂਟਾਂ, ਬੁਸ਼ਰਟਾਂ ਤੇ ਸੂਟ ਬੂਟ ਸਭ ਤਰ੍ਹਾਂ ਲਈ ਮਾਰੂ ਹਨ। ਪੈਂਟ ਬੁਸ਼ਰਟ ਦੇ ਉਪਰ ਦੀ ਸਿਰੀ ਸਾਹਿਬ ਵੀ ਵਿਖਾਵਾ ਹੀ ਲਗਦੀ ਹੈ। ਗੁਰਸਿਖੀ ਦਾ ਨਿਆਰਾਪਣ ਪੰਜ-ਕਕਾਰੀ ਰਹਿਤ ਦੀ ਵਿਲੱਖਣਤਾ ਹੈ ਅਤੇ ਸਾਦੇ ਬਾਣੇ ਤੇ ਹੀ ਪੂਰਨ ਸਸ਼ੋਭਤ ਹੁੰਦਾ ਹੈ।

੩) ਫਿਰ ਡਾਕਟਰ ਜੀ ਨੇ 'ਵੇਦੀਨਾ ਕੀ ਦੋਸਤੀ ਵੇਦੀਨਾ ਕਾ ਖਾਣੁ' ਤੋਂ ਬਚਣ ਲਈ, ਸੁਧ ਅੰਨ ਖਾਣ ਦੀਆਂ ਬਰਕਤਾਂ ਬਾਰੇ ਦਸਿਆ। ਰੋਟੀ ਬੇਟੀ ਦੀ ਸਾਂਝ ਗੁਰਮੁਖ ਅੰਮ੍ਰਿਤਧਾਰੀ ਸਿਖ ਨਾਲ ਹੀ ਰੱਖਣੀ ਬਣਦੀ ਹੈ। ਸ਼ੁਧ ਅੰਨ ਮਿਲਣਾ ਔਖਾ ਹੈ, ਕਿਉਂਕਿ ਆਮ ਕਿਰਤੀਆਂ ਦਾ ਵਿਹਾਰ ਸ਼ੁਧ ਨਹੀਂ ਹੁੰਦਾ। ਦਸਾਂ ਨਹੁੰਆਂ ਦੀ ਕਮਾਈ ਦਾ ਭੋਜਨ ਛੱਕਣ ਨਾਲ ਭਜਨ ਬੰਦਗੀ ਦਾ ਖ਼ੂਬ ਅਨੰਦ ਬਝਦਾ ਹੈ। ਭੋਜਨ ਬੜੇ ਸੰਕੋਚ ਨਾਲ ਛਕਣਾ, ਐਵੇਂ ਹਰ ਜਗ੍ਹਾਂ ਤੋਂ ਨਹੀਂ ਛਕਣਾ। ਸ਼ੁਧ ਭੋਜਨ ਬਾਰੇ ਡਾਕਟਰ ਜੀ ਨੇ ਕਈ ਕਥਾਵਾਂ ਭਾਈ ਬਾਲਾ ਸਿੰਘ ਜੀ ਨੂੰ ਸੁਣਾਈਆਂ, ਜੋ ਕਿਤੇ ਵਖਰੇ ਤੌਰ ਤੇ ਲਿਖੀਆਂ ਜਾ ਸਕਦੀਆਂ ਹਨ। ਉਨ੍ਹਾਂ ਦਸਿਆ ਕਿ ਸ਼ੁਧ ਆਹਾਰ ਕਰਨ ਨਾਲ ਹੀ ਮਨੁਖ ਦਾ ਵਿਉਹਾਰ ਹੀ ਸ਼ੁਧ ਹੁੰਦਾ ਹੈ। ਮਿਰਚ-ਮਸਾਲੇ ਤੇ ਖਟੇ ਮਿਠੇ ਰਸਾਂ ਤੋਂ ਵੀ ਪਰਹੇਜ਼ ਹੀ ਕਰਨਾ ਚਾਹੀਦਾ ਹੈ।

੪) ਗੁਪਤ ਰਹਿਣਾ, ਆਪਣੇ ਆਪ ਨੂੰ ਗੁਪਤ ਹੀ ਰਖਣਾ। ਨਿਮਰਤਾ ਵਿਚ ਰਹਿਣਾ ਬਹੁਤ ਹੀ ਜ਼ਰੂਰੀ ਹੈ। ਸੰਗਤ ਵਿੱਚ ਇਵੇਂ



www.AKJ.Org

ਬੈਠਣਾ ਕਿ ਸੰਗਤ ਰੂਪ ਹੀ ਹੋ ਜਾਓ। ਕੋਈ ਵਿਖਾਵਾ ਜਾਂ ਵਖਰਾਪਣ ਨਹੀਂ ਦਸਣਾ ਅਤੇ ਆਪਣੇ ਆਪ ਨੂੰ ਸਭ ਤੋਂ ਨੀਵਾਂ ਜਾਣਨਾ। ਸੰਗਤ ਦਾ ਪਰਚਾ ਘਰ ਵਿਚ ਸਿੰਘਣੀ ਨਾਲ ਹੀ ਰੱਖਣਾ। ਬਹੁਤੀ ਭੱਜ-ਨੱਸ ਦੀ ਲੋੜ ਨਹੀਂ, ਘਰ ਵਿਚ ਹੀ ਅਨੰਦ ਮਗਨ ਰਹਿਣਾ। ਗ੍ਰਿਹਸਤੀ ਜੀਵਨੋ ਸੁਖੀ ਹੈ ਤਾਂ ਨਾਮ ਦੀ ਚੜ੍ਹਦੀ ਕਲਾ ਹੈ। ਸਿੰਘਣੀ ਨਾਲ ਕਿਤੇ ਭੁਲ ਕੇ ਵੀ ਝਗੜਾ ਨਹੀਂ ਕਰਨਾ। ਤੁਹਾਡਾ ਸਿੰਘ ਸਿੰਘਣੀ ਦਾ ਆਪੋ ਵਿਚ ਗੁਰਸਿੱਖਾਂ ਗੁਰਮੁਖਾਂ ਵਾਲਾ ਅਥਾਹ ਪਿਆਰ ਹੋਵੇ ਤਦ ਹੀ ਭਲਾ ਹੈ।

ਭਾਈ ਬਾਲਾ ਸਿੰਘ ਜੀ ਦਸਦੇ ਹਨ ਕਿ ਡਾਕਟਰ ਜੀ ਨੇ ਹੋਰ ਬੇਅੰਤ ਗੁਰਸਿਖੀ ਜੀਵਨ ਵਿਚ ਰੰਗਣ ਵਾਲੀਆਂ ਰੱਬ ਦੇ ਘਰ ਦੀਆਂ ਬਾਤਾਂ ਦਸੀਆਂ। ਗੁਰਮਤਿ ਦੇ ਇਸ ਮਾਰਗ ਤੇ ਤੁਰ ਕੇ ਭਾਈ ਬਾਲਾ ਸਿੰਘ ਜੀ ਖ਼ੂਬ ਸੱਚੇ ਸੁੱਚੇ ਲਾਹੇ ਪ੍ਰਾਪਤ ਕਰ ਰਹੇ ਹਨ।

ਭਾਈ ਬਾਲਾ ਸਿੰਘ ਜੀ ਦਸਦੇ ਹਨ ਕਿ ਇਥੇ ਟਿਕਿਆਂ ਹੀ ਇਕੇਰਾਂ ਆਪ ਡਾਕਟਰ ਜੀ ਨਾਲ ਪਾਉਂਟਾ ਸਾਹਿਬ ਦਰਸ਼ਨਾਂ ਨੂੰ ਗਏ। ਉਥੇ ਇਕ ਰੁਖ਼ ਦੀ ਘਣੀ ਛਾਂ ਹੇਠ ਬੈਠੇ ਹੋਏ ਸਾਂ ਕਿ ਇਕ ਬਜ਼ੁਰਗ ਮਾਤਾ ਆਈ ਅਤੇ ਇਕ ਅਸਾਧ ਰੋਗ ਦੇ ਇਲਾਜ ਲਈ ਬੇਨਤੀ ਕੀਤੀ। ਡਾਕਟਰ ਜੀ ਨੇ ਕੁਝ ਦਵਾਈਆਂ ਦਸੀਆਂ ਕਿ ਇਨ੍ਹਾਂ ਦੇ ਵਰਤਣ ਨਾਲ ਠੀਕ ਹੋ ਜਾਉਗੇ। ਬਜ਼ੁਰਗ ਮਾਤਾ ਕਹਿਣ ਲੱਗੀ, ਪੁੱਤਰ, ਮੇਰੇ ਪਾਸ ਤਾਂ ਦਵਾਈਆਂ ਲਈ ਪੈਸੇ ਨਹੀਂ ਹਨ। ਮਾਇਆ ਡਾਕਟਰ ਜੀ ਪਾਸ ਵੀ ਨਹੀਂ ਸੀ, ਪਰ ਮਾਤਾ ਦਾ ਦੁਖ ਨਵਿਰਤ ਕਰਨਾ ਵੀ ਜ਼ਰੂਰੀ ਸਮਝਿਆ। ਮੇਹਰ ਵਿਚ ਤੱਕੇ ਅਤੇ ਰੁਖ ਦੇ ਕੁਝ ਸੁੱਕੇ ਪੱਤਰ ਇੱਕਠੇ ਕੀਤੇ ਤੇ ਆਖਿਆ, 'ਮਾਤਾ, ਇਨ੍ਹਾਂ ਪੱਤਿਆਂ ਨੂੰ ਕੁਟ ਕੇ ਪਾਣੀ ਨਾਲ ਛਕ ਲਓ, ਸਤਿਗੁਰੂ ਮੇਹਰ ਕਰਨਗੇ।' ਦੂਜੇ ਤੀਜੇ ਦਿਨ ਮਾਤਾ ਭਾਈ ਬਾਲਾ ਸਿੰਘ ਜੀ ਨੂੰ ਮਿਲੀ ਅਤੇ ਕਹਿਣ ਲੱਗੀ, 'ਮੈਂ ਹੁਣ ਬਿਲਕੁਲ ਠੀਕ ਹਾਂ।'

ਇਸ ਤਰ੍ਹਾਂ ਦੀਆਂ ਅਨੇਕਾਂ ਉਚ-ਕਰਣੀਆਂ ਦੀਆਂ ਬਾਤਾਂ ਸਨ ਡਾਕਟਰ ਸਾਹਿਬ ਦੀਆਂ, ਜਿਹੜੀਆਂ ਕਿ ਅਨੇਕਾ ਗੁਰਸਿਖ-ਹਿਰਦਿਆਂ ਵਿਚ ਲੁਕੀਆਂ ਪਈਆਂ ਹਨ ਅਤੇ ਅੰਦਰੇ ਅੰਦਰ ਰੰਗ ਪਰੰਗ ਬਖਸ਼ ਰਹੀਆਂ ਹਨ।

ਵੱਲੋਂ

ਸੰਪਾਦਕ

'ਸਿੱਖ ਤਾਂ ਸ਼ੇਰ ਹਨ, ਇਹ ਲੜਾਈ ਦੇ ਮੈਦਾਨ ਵਿਚ ਸ਼ੇਰਾਂ ਵਾਂਗ ਲੜਦੇ ਹਨ, ਡਿੱਗੇ ਹੋਏ ਤੇ ਦੌੜੇ ਜਾਂਦੇ 'ਤੇ ਵਾਰ ਨਹੀਂ ਕਰਦੇ। ਸਿੱਖ ਵਿਭਚਾਰੀ ਵੀ ਨਹੀਂ ਹਨ। ਸੋਨੇ ਨਾਲ ਲੱਦੀ ਮੁਟਿਆਰ ਵੱਲ ਝਾਕਦੇ ਤੱਕ ਨਹੀਂ।

-ਕਾਜ਼ੀ ਨੂਰ ਮੁਹੰਮਦ



www.AKJ.Org

# ਰੰਗ ਰੱਤੜੇ ਬਾਊ ਮੱਲ ਸਿੰਘ ਜੀ

*(ਵੱਲੋਂ ਪ੍ਰੋਫੈਸਰ ਠਾਕੁਰ ਸਿੰਘ ਜੀ)*

*(ਲੜੀ-ਜੋੜਨ ਲਈ 'ਸੂਰਾ' ਜਨਵਰੀ ੨੦੦੨ ਦੇਖੋ)*

## ਪਰਵਾਰਕ ਜੀਵਨ - ਪਲਟਾ -

ਅੰਮ੍ਰਿਤ ਦੀ ਵਡਮੁੱਲੀ ਦਾਤਿ ਨੇ ਪਰਵਾਰ ਦੇ ਰੋਜ਼ਾਨਾ ਜੀਵਨ ਵਿਚ ਇਕ ਨਵਾਂ ਪਲਟਾ ਲੈ ਆਂਦਾ। ਸ੍ਰੀਮਾਨ ਬਾਉ ਮੱਲ ਸਿੰਘ ਜੀ ਦੀ ਪ੍ਰੇਰਨਾ ਦਾ ਸਦਕਾ ਪਰਿਵਾਰ ਦੇ ਸਾਰੇ ਜੀਆਂ ਦੀ ਪੂਰੀ ਕੋਸ਼ਿਸ਼ ਹੁੰਦੀ ਸੀ ਕਿ ਸ੍ਰੀ ਗੁਰੂ ਰਾਮਦਾਸ ਜੀ ਦੇ ਉਚਾਰੇ ਇਸ ਸ਼ਬਦ ਨੂੰ ਦ੍ਰਿੜ ਕੀਤਾ ਜਾਏ।

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ
ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥
ਉਦਮੁ ਕਰੇ ਭਲਕੇ ਪਰਭਾਤੀ ॥
ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ॥
ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ॥
ਬਹਦਿਆਂ ਉਠਦਿਆਂ ਹਰਿਨਾਮੁ ਧਿਆਵੈ ॥
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ॥
ਸੋ ਗੁਰਸਿਖ ਗੁਰੂ ਮਨਿ ਭਾਵੈ ॥
ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ
ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥
ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ
ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥੨॥੧੧॥

ਮ:੪, ਗਉੜੀ ਕੀ ਵਾਰ, ਪੰਨਾ ੩੦੫-੦੬

ਅਤੇ ਇਸ ਸ਼ਬਦ ਦੇ ਅੱਖਰ-੨ ਦੇ ਭਾਵ ਨੂੰ ਸਮਝ ਕੇ ਤੇ ਪੂਰਨ ਵਿਸ਼ਵਾਸ ਕਰਕੇ, ਇਸ ਗਾਡੀ-ਰਾਹ ਤੇ ਚਲਿਆ ਜਾਵੇ। ਸਿੰਘ ਸਭਾ ਦੀ ਲਹਿਰ ਕਾਫੀ ਸਮੇਂ ਪਹਿਲਾਂ ਚੱਲੀ ਹੋਣ ਕਰਕੇ ਪਿਤਾ ਜੀ (ਭਾਈ ਸਾਹਿਬ ਵਰਿਆਮ ਸਿੰਘ) ਅੰਮ੍ਰਿਤ ਵੇਲੇ ਉਠਣ ਦੇ ਆਦੀ ਹੋ ਚੁੱਕੇ ਸਨ, ਹੁਣ ਸ੍ਰੀਮਾਨ ਬਾਉ ਜੀ ਦੇ ਉਤਸ਼ਾਹ ਨਾਲ ਤਕਰੀਬਨ ਸਾਰੇ ਪਰਿਵਾਰ ਨੂੰ ਪਿੱਛਲੀ ਰਾਤ ਜਾਗਣ ਦੀ ਆਦਤ ਪੈ ਗਈ।

ਮਾਨਯੋਗ ਬਾਉ ਜੀ, ਬੀਬੀ ਨਿਹਾਲ ਕੋਰ ਤੇ ਦਾਸ ਨੇ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ, ਬੈਠਕ ਦੇ ਸਾਹਮਣੇ ਥੜੇ ਤੇ, ਦਰੀ



www.AKJ.Org

ਖੇਸ ਵਿਛਾ, ਆਸਨ ਜਮਾ ਲੈਣੇ। ਦਰਮਿਆਨ ਵਿਚ ਬਾਊ ਜੀ, ਖੱਬੇ ਪਾਸੇ ਬੀਬੀ ਜੀ ਤੇ ਸੱਜੇ ਪਾਸੇ ਦਾਸ ਨੇ ਬੈਠ ਕੇ ਨਾਮ ਦਾ ਖ਼ੂਬ ਅਭਿਆਸੀ ਖੰਡਾ ਖੜਕਾਉਂਣਾ। ਪਹੁ-ਫੁਟਾਲੇ ਨਾਲ ਨਿਤਨੇਮ ਸ਼ੁਰੂ ਕਰ ਦੇਣਾ, ਜਪੁਜੀ ਸਾਹਿਬ, ਸ਼ਬਦ ਹਜਾਰੇ, ਜਾਪੁ ਸਾਹਿਬ, ਸਵਈਏ, ਚੌਪਈ ਤੇ ਅਨੰਦ ਸਾਹਿਬ ਦਾ ਪਾਠ ਕਰਕੇ ਗੁਰਦੁਆਰੇ ਪੁਜ ਜਾਣਾ। ਗ੍ਰੰਥੀ ਭਾਈ ਗੁਰਦਿੱਤ ਸਿੰਘ ਜੀ ਦੰਪਤੀ ਬਹੁਤ ਹੀ ਗੁਰਮੁਖ ਸਨ। ਉਨ੍ਹਾਂ ਨੇ ਸਾਡੇ ਜਾਣ ਤੋਂ ਪਹਿਲਾਂ ਸਫਾਈ ਕਰਕੇ ਸੱਚੇ ਪਾਤਸ਼ਾਹ ਜੀ ਦਾ ਪਰਕਾਸ਼ ਕਰ ਦੇਣਾ ਉਥੋਂ ਸ਼ਬਦ ਸਰਵਨ ਕਰਕੇ, ਕਈ ਵੇਰ ਪਾਠ ਤੇ ਕਈ ਵੇਰ ਕੀਰਤਨ ਕਰਕੇ ਵਾਪਸ ਘਰ ਪੁੱਜਣਾ ਕੁਝ ਛੱਕ ਛੱਕਾ ਕਰਨ ਪਿੱਛੋਂ ਸਰਬਲੋਹ ਦੇ ਬਰਤਨਾਂ ਦੀ ਸਫਾਈ ਸ਼ੁਰੂ.ਹੋ ਜਾਣੀ, ਕਿਉਂ ਜਿਉਂ ਸ੍ਰੀਮਾਨ ਬਾਉ ਜੀ ਕਿਹਾ ਕਰਦੇ ਸਨ ਕਿ ਸਰਬ ਲੋਹ ਧਾਰਨੀ ਸੁੱਚਜਾ ਸਿੱਖ ਉਹ ਹੀ ਹੋ ਸਕਦਾ ਹੈ, ਜਿਸ ਦੇ ਬਰਤਨਾ ਦੀ ਸਫਾਈ ਤੇ ਚਮਕ ਤੋਂ ਉਸ ਦਾ ਪ੍ਰੇਮ ਉਛਲ ਉੱਛਲ ਪਵੇ ਇਸ ਸਫਾਈ ਲਈ ਨਹਿਰ ਤੋਂ ਰੇਤ ਲਿਆਈ ਜਾਂਦੀ ਸੀ ਪਿਛਲੇ ਪਹਿਰ ਬਾਊ ਜੀ ਨੇ ਦਾਸ ਨੂੰ ਨਾਲ ਲੈਣਾ, ਜਲ ਦਾ ਗੜਵਾ ਫੜਨਾ, ਮੋਢੇ ਉਤੇ ਬਣਾ ਸੁੰਦਰ ਸਫਾ ਜੰਗ ਰੱਖਣਾ, ਅਤੇ ਬਾਹਰ ਜਾ ਕੇ ਖੁੱਲੇ ਥਾਂ ਕਿਸੇ ਜਲ ਦੇ ਕੰਢੇ ਆਸਨ ਜਮਾ ਲੈਣੇ, ਕਈ ਵੇਰ ਉਥੇ ਹੀ ਸੋਦਰੁ, ਰਹਿਰਾਸ ਦਾ ਪਾਠ ਕਰ ਲੈਣਾ ਕਈ ਵੇਰ ਘਰ ਆਕੇ ਸਾਰੇ ਪਰਿਵਾਰ ਤੇ ਗੁਆਂਢੀ ਘਰਾਂ ਦੇ ਗੁਰਮੁਖ ਪ੍ਰੇਮੀ ਜਨਾਂ ਨੂੰ ਨਾਲ ਲੈ ਕੇ ਦਿਵਾਨ ਸਜਾ ਲੈਣਾ ਅਤੇ ਸੋਦਰੁ ਰਹਿਰਾਸ ਦੇ ਪਾਠ ਉਪਰੰਤ ਬੜੇ ਰੰਗ ਵਿਚ ਇਕੱਠਿਆਂ ਕੀਰਤਨ ਕਰਨਾ।

ਮੇਰੀ ਖਲਹੁੰ ਮੌਜੜੇ ਗੁਰਸਿਖ ਹਢਾਂਦੇ ॥

ਭਾਈ ਗੁਰਦਾਸ ਜੀ, ਵਾਰ ੯, ਪਉੜੀ ੧੮

ਦਾਨੁ ਮਹਿੰਡਾ ਤਲੀ ਖਾਕੁ ਜੇ ਮਿਲੈ ਤ ਮਸਤਕਿ ਲਾਈਐ ॥੧੦॥

ਆਸਾ ਦੀ ਵਾਰ ਪੰਨਾ ੪੬੮

ਅਕਾਲ ਮੂਰਤਿ ਵਰੁ ਪਾਇਆ ਅਬਿਨਾਸੀ ਨਾ ਕਦੇ ਮਰੈ ਨ ਜਾਇਆ ॥

ਸਿਰੀ ਰਾਗੁ ਮ: ੪, ਪੰਨਾ ੭੮

ਜੇ ਜਾਣਾ ਲੜੁ ਛਿਜਣਾ ਪੀਡੀ ਪਾਈਂ ਗੰਢਿ ॥
ਤੈ ਜੇਵਡੁ ਮੈ ਨਾਹਿ ਕੋ ਸਭੁ ਜਗੁ ਡਿਠਾ ਹੰਢਿ ॥੫॥

ਸਲੋਕ ਫਰੀਦ ਜੀ, ਪੰਨਾ ੧੩੭੮

ਇਤ ਆਦਿ ਸ਼ਬਦਾਂ ਦੇ ਕੀਰਤਨ ਵਿਚ ਬਿਹਬਲ ਹੋ ਹੋ ਜਾਣਾ ਇਸ ਅੰਮ੍ਰਿਤ ਸਮਾਗਮ ਤੇ ਗੁਰਮਤਿ ਰਹੁ ਰੀਤਿ ਦੀ ਇਲਾਕੇ ਵਿਚ ਕਿਤਨੀ ਚਰਚਾ ਤੇ ਭਰਪੂਰ ਪ੍ਰਸੰਤਾ ਹੋਈ ਕਿ ਪਿੰਡ ਦੇ ਅਤੇ ਇਲਾਕੇ ਦੇ ਪ੍ਰੇਮੀ ਮਾਨਯੋਗ ਬਾਊ ਜੀ ਦੇ ਦਰਸ਼ਨ ਕਰਨ ਤੇ ਬਚਨ ਸੁਣਨ ਲਈ ਆਉਣ ਲੱਗ ਪਏ। ਕੁਝ ਦਿਨਾਂ ਪਿਛੋਂ ਉਹਨਾਂ ਬਾਊ ਜੀ ਨੂੰ ਬੇਨਤੀ ਕੀਤੀ ਕਿ ਉਹਨਾਂ ਲਈ ਅੰਮ੍ਰਿਤ ਸੰਚਾਰ ਦਾ ਪ੍ਰਬੰਧ ਕੀਤਾ ਜਾਵੇ, ਜੋ ਉਹਨਾਂ ਨੇ ਪ੍ਰਵਾਨ ਕਰ ਲਈ ਪਰ ਉਸ ਵੇਲੇ ਵੱਡੀ ਮੁਸ਼ਕਿਲ ਜਾਪ ਸਾਹਿਬ ਦੇ ਪਾਠੀ ਦੀ ਸੀ। ਸ੍ਰੀਮਾਨ ਬਾਊ ਜੀ ਨੇ ਸੋਚ ਵਿਚਾਰ ਕੇ ਦਾਸ ਨੂੰ ਥਾਪੜਾ ਦਿੱਤਾ ਕਿ ਮੈਂ ਹੀ ਜਾਪੁ ਸਾਹਿਬ ਦਾ ਪਾਠ ਕੰਠ ਕਰਕੇ ਇਸ ਸੇਵਾ ਲਈ ਤਿਆਰ ਹੋ ਜਾਵਾਂ। ਦਾਸ ਨੇ ਹਰ ਰੋਜ ਬਾਹਰ ਮੱਝਾਂ ਚਾਰਨ ਵੇਲੇ ਜਾਪ ਸਾਹਿਬ ਦਾ ਗੁਟਕਾ ਨਾਲ ਲੈ ਜਾਣਾ ਇਹ ਸਾਰਾ ਵਕਤ ਪਾਠ ਕਰਨ ਤੇ ਲਾਉਣਾ ਘਰ ਆਕੇ ਕੰਠ ਹੋਇਆ ਪਾਠ ਬਾਊ ਜੀ ਨੂੰ ਸੁਣਾ ਕੇ ਉਹਨਾਂ ਦੀ ਖੁਸ਼ੀ ਲੈਣੀ ਸਤਿਗੁਰੂ ਜੀ ਦੀ ਅਪਾਰ ਕ੍ਰਿਪਾ ਹੋਈ, ਦੋ ਹਫਤਿਆਂ ਵਿਚ ਜਾਪੁ ਸਾਹਿਬ ਦਾ ਪਾਠ ਕੰਠ ਹੋ ਗਿਆ। ਅੰਮ੍ਰਿਤ ਸੰਚਾਰ ਦੀ ਤਾਰੀਕ ਨਿਯਤ ਕਰ ਲਈ ਗਈ। ਇਲਾਕੇ ਦੇ ਪ੍ਰੇਮੀ ਜਹਾਜੇ ਚੜਨ ਲਈ ਪੁੱਜ ਗਏ। ਦਾਸ ਨੂੰ ਪੰਜਾਂ ਪਿਆਰਿਆਂ ਦੀ ਸੇਵਾ ਵਾਸਤੇ ਚੁੰਨ ਲਿਆ ਗਿਆ। ਮੇਰੇ ਲਾਗੇ ਬੀਬੀ ਨਿਹਾਲ ਕੌਰ ਜੀ ਨੂੰ ਗੁਟਕਾ



www.AKJ.Org

ਦੇਕੇ ਬਿਠਾਲ ਦਿੱਤਾ ਗਿਆ, ਤਾਂ ਜੋ ਮੈਂ ਜੇ ਕਿਤੇ ਭੁਲ ਜਾਵਾਂ ਤਾਂ ਉਹ ਦੱਸ ਦੇਣ ਸਤਿਗੁਰ ਜੀ ਦੀ ਪ੍ਰਥਕ ਕਲਾ ਵਰਤੀ ਕਿ ਜਾਪੁ ਸਾਹਿਬ ਦੇ ਪਾਠ ਵੇਲੇ ਕੋਈ ਵੀ ਉਕਾਈ ਨਾ ਹੋਈ, ਜਿਸ ਤੇ ਸਭ ਨੇ ਖੁਸ਼ੀ ਮਨਾਈ । ਸਮਾਗਮ ਬੜੇ ਰੰਗਾਂ ਵਿਚ ਸਮਾਪਤ ਹੋਇਆ । ਇਸ ਛੋਟੀ ਉਮਰ ਵਿਚ ਦਾਸ ਨੂੰ ਜਾਪੁ ਸਾਹਿਬ ਵਰਗੀ ਕਠਿਨ ਬਾਣੀ ਦਾ ਕੰਠ ਹੋ ਜਾਣਾ, ਇਹ ਸਤਿਗੁਰੂ ਜੀ ਦੀ ਖਾਸ ਬਖਸ਼ਿਸ਼ ਹੈ ।

### ਗਿ: ਹੀਰਾ ਸਿੰਘ ਦਰਦ ਨਾਲ ਮਿਲਾਪ -

ਜਦ ਇਕ ਦਿਨ ਸ੍ਰੀਮਾਨ ਬਾਊ ਜੀ ਨਾਲ ਦੇ ਪਿੰਡ ਝਬਾਲ (ਲਾਇਲਪੁਰ) ਵਿਖੇ ਭਾਈ ਜੈ ਸਿੰਘ (ਡਾ ਅਨੂਪ ਸਿੰਘ ਮੈਂਬਰ ਪਾਰਲੀਮੈਂਟ ਦੇ ਪਿਤਾ) ਨੂੰ ਮਿਲਣ ਗਏ ਤਾਂ ਉਥੇ ਗੁਰਦੁਆਰਾ ਸਾਹਿਬ ਵਿਖੇ ਸੱਚੇ ਪਾਤਸ਼ਾਹ ਜੀ ਦੇ ਦਰਸ਼ਨਾਂ ਉਪਰੰਤ ਕੀਰਤਨ ਕੀਤਾ ।

**ਦਾਨੁ ਮਹਿੰਡਾ ਤਲੀ ਖਾਕੁ ਜੇ ਮਿਲੈ ਤ ਮਸਤਕਿ ਲਾਈਐ ॥੧੦॥**

**ਆਸਾ ਦੀ ਵਾਰ, ਪੰਨਾ ੪੬੮**

ਉਥੇ ਕੁਦਰਤ ਨਾਲ ਗਿ: ਹੀਰਾ ਸਿੰਘ ਜੀ ਦਰਦ, ਜੋ ਉਸ ਵੇਲੇ ਉਸ ਪਿੰਡ ਦੇ ਸਕੂਲ ਵਿਚ ਟੀਚਰ ਲੱਗੇ ਹੋਏ ਸਨ, ਵੀ ਗੁਰਦੁਆਰਾ ਸਾਹਿਬ ਵਿਖੇ ਮੌਜੂਦ ਸਨ । ਕੀਰਤਨ ਤੇ ਭੋਗ ਤੋਂ ਪਿਛੋਂ ਉਹ ਬਾਊ ਜੀ ਨੂੰ ਬੜੇ ਪ੍ਰੇਮ ਨਾਲ ਮਿਲੇ ਤੇ ਦਰਸ਼ਨ ਕਰਕੇ ਇਤਨੇ ਪ੍ਰਭਾਵਿਤ ਹੋਏ ਕਿ ਉਥੇ ਹੀ ਬੇਨਤੀ ਕਰ ਦਿੱਤੀ ਕਿ ਮੈਂ ਪਰਿਵਾਰ ਸਹਿਤ ਅੰਮ੍ਰਿਤ ਛੱਕਣ ਲਈ ਹਾਜਰ ਹਾਂ । ਮੇਰਾ ਪ੍ਰਬੰਧ ਕੀਤਾ ਜਾਵੇ । ਬਾਊ ਜੀ ਨੇ ਆਪਣੇ ਪਿੰਡ ਵਾਪਸ ਆਕੇ ਅੰਮ੍ਰਿਤ ਸੰਚਾਰ ਦਾ ਪ੍ਰਬੰਧ ਪਿੰਡ ਦੇ ਗੁਰਦੁਆਰੇ ਵਿਖੇ ਕਰ ਦਿੱਤਾ । ਗਿ: ਹੀਰਾ ਸਿੰਘ ਜੀ ਨੇ ਸਿੰਘਣੀ ਤੇ ਹੋਰ ਸੁਨੇਹਾ ਸਮੇਤ ਅੰਮ੍ਰਿਤਪਾਨ ਕੀਤਾ ਅਤੇ ਹਮੇਸ਼ਾ ਲਈ ਬਾਊ ਜੀ ਦੇ ਪੱਕੇ ਮਿੱਤਰ ਬਣ ਗਏ ।

### ਜੰਗ ਦੀਆਂ ਤਿਆਰੀਆਂ

ਸਿਮਰਨ ਤੇ ਕੀਰਤਨ ਸਮਾਗਮਾਂ ਦਾ ਪ੍ਰੋਗਰਾਮ ਬੜੇ ਅਨੰਦ ਵਿਚ ਚੱਲ ਰਿਹਾ ਸੀ ਕਿ ਅਚਾਨਕ ਕਾਨਪੁਰ ਤੋਂ ਰਸਾਲੇ ਦੇ ਕਰਨਲ ਦੀ ਤਾਰ ਆ ਗਈ ਕਿ ਰਸਾਲਾ ਲੜਾਈ (ਪਹਿਲਾ ਵਿਸ਼ਵ ਜੰਗ) ਵਿਚ ਫਰਾਂਸ ਜਾ ਰਿਹਾ ਹੈ । ਇਕ ਦਮ ਵਾਪਸ ਪੁੱਜ ਕੇ ਹਾਜਰ ਹੋ ਜਾਉ । ਸੋ ਉਸੇ ਵਕਤ ਤਿਆਰੇ ਸ਼ੁਰੂ ਹੋ ਗਏ । ਅਗਲੀ ਦਿਨ ਕਾਨਪੁਰ ਜਾਣ ਲਈ ਗੱਡੀ ਚੜਨਾ ਸੀ । ਨਿੱਤ ਵਾਂਗ ਅੰਮ੍ਰਿਤ ਵੇਲੇ ਉਠ ਕੇ ਥੜੇ ਤੇ ਆਸਨ ਜਮਾ, ਤਿੰਨਾਂ ਨੇ ਸਿਮਰਨ ਤੇ ਨਿਤਨੇਮ ਕੀਤਾ ਉਪਰੰਤ ਗੁਰਦੁਆਰਾ ਸਾਹਿਬ ਵਿਖੇ ਸੱਚੇ ਪਾਤਸ਼ਾਹ ਜੀ ਦੇ ਦਰਸ਼ਨਾਂ ਲਈ ਅਤੇ ਹੁਕਮ ਨਾਮਾ ਸੁਣਨ ਲਈ ਪੁੱਜੇ । ਮਾਨਯੋਗ ਬਾਊ ਜੀ ਸੱਚੇ ਪਾਤਸ਼ਾਹ ਦੀ ਤਾਬਿਆ ਬੈਠ ਗਏ । ਅੰਦਰੋਂ ਉਠੇ ਕੀਰਤਨ ਉਛਾਲੇ ਵਿਚ ਇਹ ਸ਼ਬਦ ਗਾਇਆ -

**ਨਦੀਆ ਵਾਹ ਵਿਛੁੰਨਿਆ ਮੇਲਾ ਸੰਜੋਗੀ ਰਾਮ ॥**

**ਆਸਾ ਮ: ੧ ਛੰਤ, ਪੰਨਾ ੪੩੯**

ਫਿਰ ਸੱਚੇ ਪਾਤਸ਼ਾਹ ਦਾ ਹੁਕਮ ਲਿਆ ਤੇ ਰੁਮਾਲਾ ਪਾ ਕੇ ਅੰਤਰ ਧਿਆਨ ਹੋ ਗਏ । ਕਾਫੀ ਚਿਰ ਪਿੱਛੋਂ ਨੇਤਰ ਖੋਲੇ ਤੇ ਬੋਲੇ "ਨਿਹਾਲ ਕੌਰ, ਠਾਕਰ ਸਿੰਘ ਨੂੰ ਗੋਦੀ ਵਿਚ ਲੈ ਲਵੋ ।" ਉਹਨਾਂ ਬਾਹਾਂ ਉਪਰ ਕੀਤੀਆਂ ਤੇ ਦਾਸ ਬੀਬੀ ਜੀ ਦੀ ਗੋਦੀ ਵਿਚ ਲੇਟ ਗਿਆ ਫਿਰ ਤਾਬਿਆ ਚੋਂ ਉਠ ਕੇ ਹਜੂਰੀ ਵਿਚ ਆ ਖਲੋਤੇ ਤੇ ਅਰਦਾਸ ਕੀਤੀ, ਸੱਚੇ ਪਾਤਸ਼ਾਹ, ਇਸ ਬੱਚੇ ਦਾ ਮੈਂ ਜਨਮ ਦਾਤਾ ਨਹੀਂ ਹਾਂ, ਪਰ ਇਸ ਦੇ ਬਚਪਨ ਤੋਂ ਹੀ ਮੈਨੂੰ ਇਸ ਨਾਲ ਇਤਨਾ ਪਿਆਰ ਹੈ ਕਿ ਇਹ ਮੈਨੂੰ ਇਹ ਸਭ ਬੱਚਿਆਂ ਤੋਂ ਪਿਆਰਾ ਹੈ । ਹੇ ਸਤਿਗੁਰੂ ਅੱਜ ਮੈ ਆਪ ਜੀ ਦੀ ਹਜੂਰੀ ਵਿਚ ਇਸ ਨੂੰ ਆਪਣੀ ਸਿੰਘਣੀ ਨਿਹਾਰ ਕੌਰ ਦੀ ਗੋਦੀ ਪਾ ਰਿਹਾ ਹਾਂ ਅਤੇ ਆਪ ਅੱਗੇ



www.AKJ.Org

ਅਰਦਾਸ ਕਰ ਰਿਹਾ ਹਾਂ ਕਿ ਇਸ ਸੰਜੋਗ ਦੀ ਆਪ ਮੰਜ਼ੂਰੀ ਬਖਸ਼ੋ ਉਪਰੰਤ ਸਾਨੂੰ ਦੋਹਾਂ ਨੂੰ ਹੁਕਮ ਕੀਤਾ ਕਿ ਸਤਿਗੁਰੂ ਜੀ ਦੇ ਹਜ਼ੂਰ ਮੱਥਾ ਟੇਕੋ। ਅਸਾਂ ਦੋਨਾਂ ਨੇ ਮੱਥਾ ਟੇਕਿਆ ਆਪ ਜੀ ਅਰਦਾਸ ਦਾ ਭੋਗ ਪਾ ਕੇ ਬੋਲੇ, ''ਨਿਹਾਲ ਕੌਰ, ਮੈਂ ਅੱਜ ਜੰਗ ਨੂੰ ਜਾ ਰਿਹਾ ਹਾਂ, ਦਾਤਾ ਜੀ ਸਾਰੇ ਪਰਿਵਾਰ ਦੀ ਸੰਭਾਲ ਤੇ ਰੱਖਿਆ ਕਰਨਗੇ। ਦੂਜੇ ਬੱਚੇ ਛੋਟੇ ਹਨ, ਤੁਹਾਨੂੰ ਜੋ ਲੋੜ ਹੋਵੇ, ਠਾਕਰ ਸਿੰਘ ਨੂੰ ਕਹਿ ਦੇਣਾ, ਇਹ ਆਪ ਜਾਂ ਵੱਡੇ ਭਾਈ ਸਾਹਿਬ (ਵਰਿਆਮ ਸਿੰਘ ਜੀ) ਤੋਂ ਸੇਵਾ ਕਰਵਾ ਲਿਆ ਕਰੇਗਾ। ਅੰਮ੍ਰਿਤ ਵੇਲੇ ਦਾ ਨਿੱਤ ਦਾ ਪ੍ਰੋਗਰਾਮ ਹਮੇਸ਼ਾਂ ਪੂਰਾ ਨਿਭਾਉਣਾ''।

ਸਭ ਨੇ ਮੱਥਾ ਟੇਕਿਆ ਤੇ ਘਰ ਪੁੱਜ ਕੇ ਦਾਸ ਦੇ ਪਿਤਾ ਜੀ ਤੇ ਦਾਸ ਨੂੰ ਨਾਲ ਲੈ ਕੇ ਸਟੇਸ਼ਨ ਨੂੰ ਚਾਲੇ ਪਾ ਦਿੱਤੇ। ਬੜੀ ਚੜ੍ਹਦੀ ਕਲਾ ਵਿਚ ਸਾਥੋਂ ਵਿਦਾ ਹੋਏ ਗੱਡੀ ਚੱੜ ਕੇ ਕਾਨਪੁਰ ਪੁੱਜ ਗਏ।

ਪਹਿਲੇ ਵਿਸ਼ਵ ਜੰਗ ਵਿਚ ਪਰਦੇਸ਼ ਜਾਣ ਲਈ ਰਸਾਲੇ ਦੀ ਪੂਰੀ ਤਿਆਰੀ ਹੋ ਰਹੀ ਸੀ। ਦੋ ਤਿੰਨ ਦਿਨ ਪਿੱਛੋਂ ਹੀ ਸਾਰਾ ਰਸਾਲਾ ਰੇਲ ਰਾਹੀਂ ਬੰਬਈ ਪੁੱਜ ਗਿਆ। ਅੱਗੇ ਸਮੁੰਦਰੀ ਜਹਾਜ਼ ਉਡੀਕ ਵਿਚ ਖੜੇ ਸਨ। ਜਾਂਦਿਆਂ ਹੀ ਜਹਾਜ਼ ਵਿਚ ਸਵਾਰ ਹੋ, ਗਏ। ਪਤਾ ਲੱਗਾ ਕਿ ਜਹਾਜ਼ ਵਿਚ ਰਸਾਲੇ ਲਈ ਇਕੋ ਹੀ ਲੰਗਰ ਅਸਥਾਨ ਹੈ। ਤੇ ਉਸ ਟਿਕਾਣੇ ਤੋਂ ਬਾਹਰ ਅੱਗ ਨਹੀਂ ਬਾਲੀ ਜਾ ਸਕਦੀ। ਨਾਲ ਦੇ ਮਿੱਤਰਾਂ ਨੇ ਬਾਊ ਜੀ ਨੂੰ ਸਲਾਹ ਦਿੱਤੀ ਕਿ ਤੁਸੀਂ ਵੀ ਇਸੇ ਲੰਗਰ ਵਿਚੋਂ ਪ੍ਰਸ਼ਾਦਿ ਛਕੋ। ਤੇ ਹੁਣ ਲੜਾਈ ਵਿਚ ਜਾਣ ਕਰਕੇ ਬਿਬੇਕ ਦੇ ਪਰਸ਼ਾਦੇ ਦਾ ਖਿਆਲ ਛੱਡ ਦਿਉ। ਸ੍ਰੀਮਾਨ ਬਾਊ ਜੀ ਨੇ ਬੜੇ ਦ੍ਰਿੜ ਵਿਸ਼ਵਾਸ਼ ਨਾਲ ਉਤਰ ਦਿੱਤਾ ਕਿ ਜਿਸ ਕਲਗੀਧਰ ਪਿਤਾ ਨੇ ਇਹ ਬਿਬੇਕ ਬਖਸ਼ਿਆ ਹੈ ਉਹੀ ਨਿਭਾਵੇਗਾ। ਬਾਊ ਜੀ ਰਸਾਲਦਾਰ ਮੇਜਰ ਨੂੰ ਨਾਲ ਲੈ ਕੇ ਰਸਾਲੇ ਦੇ ਕਮਾਂਡ ਅਫਸਰ (ਅੰਗਰੇਜ਼ ਅਫਸਰ) ਨੂੰ ਮਿਲੇ ਉਹ ਅਫਸਰ ਮਾਨਯੋਗ ਬਾਊ ਜੀ ਦੇ ਧਾਰਮਿਕ ਜੀਵਨ ਦੀ ਕਦਰ ਕਰਦਾ ਸੀ ਉਸ ਨੇ ਹੁਕਮ ਕੀਤਾ, ਜਦ ਲੰਗਰ ਤਿਆਰ ਹੋ ਜਾਵੇ ਤਾਂ ਉਸ ਦੇ ਪਿੱਛੋਂ ਇਹ ਆਪਣਾ ਪਰਸ਼ਾਦਾ ਉਸ ਥਾਂ ਤੇ ਤਿਆਰ ਕਰ ਸਕਦੇ ਹਨ, ਹੋਰ ਕਿਸੇ ਮੁਸ਼ਕਲ ਤੋਂ ਬਿਨਾਂ ਜਹਾਜ਼ ਮਾਰਸੇਲਜ਼ (ਫਰਾਂਸ) ਵਿਚ ਜਾ ਲੱਗਾ। ਸਾਰੇ ਸਫਰ ਵਿਚ ਬਾਊ ਜੀ ਆਪਣਾ ਪਰਸ਼ਾਦਾ ਆਪ ਤਿਆਰ ਕਰਦੇ ਰਹੇ।

## ਫਰਾਂਸ ਵਿਚ -

ਜਹਾਜ਼ੋਂ ਉਤਰ ਕੇ ਇਹ ਰਸਾਲ ਤੋਂ ਵਖਰੇ ਕਰ ਦਿੱਤੇ ਗਏ ਤੇ ਲੜਾਈ ਤੋਂ ਪਿਛੇ ਬੇਸ-ਲਾਈਨ ਰੂਏਨ (Ruen) ਸ਼ਹਿਰ (ਪੈਰਸ ਤੋਂ ਉਪਰ) ਰਸਾਲੇ ਦੇ ਦਫ਼ਤਰ ਵਿਚ ਪੁਜ ਗਏ। ਉਥੇ ਰਿਹਾਇਸ਼ ਦਾ ਪ੍ਰਬੰਧ ਤਾਂ ਠੀਕ ਸੀ, ਪਰ ਸਰਦੀ ਅਤਿ ਦੀ ਪੈ ਰਹੀ ਸੀ। ਆਪ ਜੀ ਨਾ ਸ਼ਰਾਬ, ਨਾ ਮਾਸ ਤੇ ਨਾ ਕੋਈ ਬਜ਼ਾਰ ਦੀ ਚੀਜ਼ ਖਾਂਦੇ ਸਨ। ਆਟਾ ਦਾਲ ਜੋ ਮਿਲਦਾ ਸੀ, ਉਹ ਠੀਕ ਨਹੀਂ ਸੀ। ਅੰਮ੍ਰਿਤ ਵੇਲੇ ਉਠ ਕੇ ਠੰਢੇ ਜਲ ਨਾਲ ਇਸ਼ਨਾਨ ਕਰਨਾ ਭਾਵੇਂ ਬੜਾ ਔਖਾ ਹੁੰਦਾ ਸੀ, ਪਰ ਆਪ ਜੀ ਇਨ੍ਹਾਂ ਕਠਨਾਈਆ ਵਿਚ ਰੋਜ਼ ਦੀ ਕਿਰਿਆ ਇਸ਼ਨਾਨ, ਸਿਮਰਨ, ਨਿਤਨੇਮ ਨੂੰ ਪੂਰੀ ਲਗਨ ਤੇ ਉਤਸ਼ਾਹ ਨਾਲ ਨਿਭਾਉਂਦੇ ਰਹੇ। ਕੁਝ ਸਮੇਂ ਪਿਛੋਂ ਆਪ ਜੀ ਨੇ ਹੋਰ ਸਿੱਖ ਅਫ਼ਸਰਾਂ ਦੇ ਨਾਲ ਮਿਲ ਕੇ, ਉਪਰ ਜਰਨੈਲ ਨੂੰ ਕਹਿ ਕੇ, ਹਿੰਦ ਸਰਕਾਰ ਦੇ ਰਾਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬੀੜ ਉਥੇ ਮੰਗਵਾ ਲਈ, ਜਿਸ ਦੀ ਸੇਵਾ ਇਨ੍ਹਾਂ ਆਪਣੇ ਜ਼ਿਮੇ ਲੈ ਲਈ। ਦੇਸ਼ ਵਾਂਗ, ਉਥੇ ਵੀ ਹਰ ਐਤਵਾਰ ਕੀਰਤਨ ਸਮਾਗਮ ਤੇ ਸੰਗਤ ਦੇ ਦੀਵਾਨ ਸਜਣੇ ਸ਼ੁਰੂ ਹੋ ਗਏ। ਉਥੇ ਆਪ ਜੀ ਦਾ ਜੀਵਨ ਇਕ ਜੋਗੀ ਦਾ ਜੀਵਨ ਸੀ, ਜਿਸ ਨੂੰ ਆਪਣੇ ਦਫ਼ਤਰੀ ਕੰਮ ਤੋਂ ਛੁਟ ਨਾਮ-ਬਾਣੀ ਦਾ ਹੀ ਆਹਰ ਸੀ ਅਤੇ ਬਾਹਰਲੀ ਦੁਨੀਆਂ ਨਾਲ ਕੋਈ ਲਗਾਉ ਨਹੀਂ ਸੀ।

ਇਕ ਦਿਨ ਆਪ ਬਾਹਰੋਂ ਸੈਰ ਕਰ ਕੇ ਇੱਕਲੇ ਆ ਰਹੇ ਸਨ ਕਿ ਰਸਤੇ ਵਿਚ ਦੋ ਬੈਲੱਜੀਅਮ ਯੁਵਤੀਆਂ ਮਿਲ ਪਈਆਂ। ਉਨ੍ਹਾਂ ਬਾਊ ਜੀ ਨੂੰ ਅੰਗਰੇਜ਼ੀ ਵਿਚ ਕਿਹਾ ਕਿ ਸਾਡੇ ਨਾਲ ਸੈਰ ਤੇ ਚਲੋ। ਆਪ ਨੇ ਕਿਹਾ ਕਿ ਮੈਂ ਤਾਂ ਸੈਰ ਕਰ ਆਇਆ ਹਾਂ। ਉਨ੍ਹਾਂ



www.AKJ.Org

ਫਿਰ ਮਜਬੂਰ ਕੀਤਾ ਤਾਂ ਆਪ ਨਾਲ ਤੁਰ ਪਏ। ਥੋੜੀ ਦੂਰ ਜਾ ਕੇ ਉਹ ਬੈਂਚ ਤੇ ਬੈਠ ਗਈਆਂ ਅਤੇ ਬਾਊ ਜੀ ਨੂੰ ਵਿਚਕਾਰੇ ਬਿਠਾ ਲਿਆ ਤੇ ਅੰਗਰੇਜ਼ੀ ਵਿਚ ਬੋਲੀਆਂ, "Hello, Indian Gentleman, do you like Belguim lady ?" (ਐ ਭਾਰਤੀ ਨੌਜੁਆਨ, ਕੀ ਤੂੰ ਬੈਲਜੀਅਮ ਲੇਡੀ ਪਸੰਦ ਕਰਦਾ ਹੈਂ ?) ਤਾਂ ਆਪ ਜੀ ਨੇ ਉਤਰ ਦਿੱਤਾ, Yes, I love all ladies as my mother, sister and daughter " (ਹਾਂ ਮੈਂ ਸਭ ਔਰਤਾਂ ਨੂੰ ਆਪਣੀ ਮਾਂ, ਭੈਣ ਤੇ ਲੜਕੀ ਵਾਂਗ ਪਿਆਰ ਕਰਦਾ ਹਾਂ )।

ਸ੍ਰੀ ਬਾਊ ਜੀ ਦਾ ਇਹ ਗੌਰਵ-ਮਈ ਉਤਰ ਸੁਣਦਿਆਂ ਸਾਰ ਉਹ ਕਾਮ-ਵਾਸ਼ਨਾ ਵਿਚ ਮਤੀਆਂ ਹੋਈਆਂ ਯੁਵਤੀਆਂ ਉਪਰ ਨੂੰ ਬਾਹਾਂ ਉਲਾਰ ਕੇ 'ਹਾਅ ਹਾਅ' ਕਰਦੀਆਂ ਉਠ ਭਜੀਆਂ। ਇਹ ਆਪ ਦੇ ਪ੍ਰਮਾਰਥੀ ਔਜ ਦੁਆਰਾ ਘੜੇ ਹੋਏ ਉਚੇ ਸੁਚੇ ਆਚਰਨ ਦੀ ਟੂਕ ਮਾਤਰ ਇਕ ਮਿਸਾਲ ਹੈ। ਆਪ ਜੀ ਕਿਹਾ ਕਰਦੇ ਸਨ ਕਿ ਕਲਜੁਗ ਵਿਚ ਕਾਮ ਪਰਧਾਨ ਹੈ, ਨਾਮ ਦੀ ਅਤੁਟ ਕਮਾਈ ਕੀਤਿਆਂ ਹੀ ਇਸ ਤੋਂ ਬਚਿਆ ਜਾ ਸਕਦਾ ਹੈ। ਆਪ ਜੀ ਇਹ ਤੁਕਾਂ ਆਮ ਕਰਕੇ ਪੜ੍ਹਦੇ ਹੁੰਦੇ ਸਨ -

**ਕਾਮੁ ਕ੍ਰੋਧੁ ਕਾਇਆ ਕਉ ਗਾਲੈ ॥ ਜਿਉ ਕੰਚਨ ਸੁਹਾਗਾ ਢਾਲੈ ॥੧੮॥**

**ਰਾਮਕਲੀ ਮ: ੧ ਓਅੰਕਾਰੁ ਪੰਨਾ ੯੩੨**

**ਅਤੇ - ਹੇ ਕਾਮੰ ਨਰਕ ਬਿਸ੍ਰਾਮੰ, ਬਹੁ ਜੋਨੀ ਭ੍ਰਮਾਵਣਹ ॥੪੬॥**

**(ਸਲੋਕ ਸਹਸਕ੍ਰਿਤੀ ਮ: ੫, ਪੰਨਾ ੧੩੫੮)**

ਸ੍ਰੀਮਾਨ ਬਾਊ ਜੀ ਫ਼ਰਾਂਸ ਵਿਚ ਤਿੰਨ ਸਾਲ ਦੇ ਕਰੀਬ ਰਹੇ। ਆਪਣਾ ਬਿਬੇਕ ਦਾ ਪਰਸ਼ਾਦਾ ਆਪ ਹੀ ਸਜਾਂਦੇ ਰਹੇ। ਇਸ ਸਮੇਂ ਵਿਚ ਆਪ ਨੇ ਨਾਮ-ਬਾਣੀ ਕੀਰਤਨ ਦੇ ਸਤਸੰਗ ਦੇ ਬੜੇ ਅਤੁਟ ਪਰਵਾਹ ਚਲਾਏ, ਜਿਸ ਕਰਕੇ ਫ਼ਰਾਂਸ ਵਿਚ ਵਿਚਰ ਰਹੀਆਂ ਸਿੱਖ ਫ਼ੌਜਾਂ ਵਿਚ ਆਪ ਦੀ ਬੜੀ ਕੀਰਤੀ ਫੈਲ ਗਈ। ਇਸ ਬਾਰੇ ਸਹਿਜ ਸੁਭਾਇ ਬਚਨ ਕਰਦਿਆਂ ਇਕੇਰਾਂ ਬਾਊ ਜੀ ਨੇ ਦਸਿਆ ਸੀ ਕਿ ਰਸਾਲ਼ੇ ਵਿਚ ਆ ਕੇ ਕਈ ਸਿੰਘਾਂ ਨੇ ਪੁਛਣਾ ਕਿ ਜੀ, ਅਸੀਂ ਇਥੇ ਇਕ ਬਾਬੂ ਨੂੰ ਮਿਲਣਾ ਹੈ, ਉਹ ਬੜੇ ਸ਼ਬਦ ਪੜ੍ਹਦਾ ਹੈ। ਫਿਰ ਜਦ ਮੈਂ ਦਫ਼ਤਰੋਂ ਬਾਹਰ ਆਉਣਾ ਤਾਂ ਕਈ ਵਾਰ ਬਾਹਰ ਉਡੀਕ ਵਿਚ ਕਈ ਸੱਜਣ ਖੜੋਤੇ ਹੋਣੇ, ਜਿਨ੍ਹਾਂ ਨੇ ਬੜੇ ਪਿਆਰ-ਸਤਿਕਾਰ ਨਾਲ ਮਿਲਣਾ ਅਤੇ ਮਿਲ ਕੇ ਬੜੀ ਖੁਸ਼ੀ ਪ੍ਰਤੀਤ ਕਰਨੀ।

ਗੁਰੂ-ਘਰ ਦੀ ਸੇਵਾ ਤੇ ਸਤਸੰਗ ਸਮਾਗਮਾਂ ਨੂੰ ਬਾਊ ਜੀ ਆਪਣੀ ਸਰਕਾਰੀ ਡਿਊਟੀ ਨਾਲੋਂ ਵੀ ਉਚਤਮ ਸਮਝਦੇ ਸਨ। ਇਥੇ ਰਹਿੰਦਿਆਂ ਇਕ ਵੇਰ ਫ਼ੌਜ਼ ਵਿਚ ਚੜ੍ਹਾਈ ਕਰ ਗਏ ਕਿਸੇ ਸਿੰਘ ਦੇ ਨਮਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਅਰੰਭ ਕਰਾਉਣਾ ਸੀ ਤੇ ਇਸ ਸਬੰਧ ਵਿਚ ਕਿਸੇ ਦੂਜੀ ਯੂਨਿਟ ਵਿਚ ਕਿਸੇ ਪਾਠੀ ਸਿੰਘ ਨੂੰ ਸੂਚਨਾ ਦੇਣ ਜਾਣਾ ਸੀ। ਬਾਊ ਜੀ ਦੀ ਡਿਊਟੀ ਟੈਲੀਫੋਨ ਤੇ ਲਗੀ ਹੋਈ ਸੀ, ਜਿਸ ਨੂੰ ਛਡ ਕੇ ਜਾਣਾ ਵੀ ਬੜਾ ਔਖਾ ਸੀ। ਧਾਰਮਿਕ ਕੰਮ ਨੂੰ ਮੁਖ ਸਮਝਦਿਆਂ ਹੋਇਆ ਆਪ ਜੀ ਕਿਸੇ ਦੂਜੇ ਕਲਰਕ ਨੂੰ ਇਹ ਕਹਿ ਕੇ ਪਾਠੀ ਨੂੰ ਇਤਲਾਹ ਦੇਣ ਚਲੇ ਗਏ ਕਿ ਮੇਰੀ ਥਾਂ ਤੇ ਟੈਲੀਫੋਨ ਅਟੈਂਡ ਕਰੇ। ਗੁਰੂ ਭਾਣੇ ਵਿਚ ਉਹ ਕਲਰਕ ਇਹ ਗੱਲ ਭੁਲ ਗਿਆ। ਪਿਛੋਂ ਕੋਈ ਚੈਕਿੰਗ ਅਫ਼ਸਰ ਆਇਆ ਤਾਂ ਡਿਊਟੀ ਤੇ ਕਿਸੇ ਨੂੰ ਨਾ ਵੇਖ ਕੇ ਰਿਪੋਰਟ ਕਰ ਦਿੱਤੀ। ਮਾਮਲਾ ਕਮਾਂਡ-ਅਫ਼ਸਰ ਕੋਲ ਚਲਾ ਗਿਆ। ਬਾਊ ਜੀ ਦੀ ਪੇਸ਼ੀ ਹੋਈ ਤਾਂ ਕਮਾਂਡ-ਅਫ਼ਸਰ ਨੇ ਬਾਊ ਜੀ ਨੂੰ ਕਿਹਾ ਕਿ ਤੂੰ ਸੀਨੀਅਰ ਕਲਰਕ ਸੈਂ, ਤੈਨੂੰ ਅਜਿਹਾ ਨਹੀਂ ਕਰਨਾ ਚਾਹੀਦਾ ਸੀ। ਬਸ ਜਾਓ, ਆਗੇ ਕੋ ਐਸਾ ਨਾ ਕਰਨਾ। ਇਹ ਸ੍ਰੀਮਾਨ ਬਾਊ ਜੀ ਦੇ ਧਾਰਮਕ ਉਚੇ ਸੁਚੇ ਜੀਵਨ ਦੀਆਂ ਹੀ ਬਰਕਤਾਂ ਸਨ ਕਿ ਅਫ਼ਸਰ ਵੀ ਆਪ ਦੀ ਕਦਰ ਤੇ ਇਜ਼ਤ ਕਰਦੇ ਸਨ। ਬਾਊ ਜੀ ਦੀ ਲਿਆਕਤ ਤੇ ਈਮਾਨਦਾਰੀ ਦਾ ਸਿੱਕਾ ਅਫ਼ਸਰਾਂ ਦੇ ਮਨ ਉਤੇ ਬੈਠਾ ਹੋਇਆ ਸੀ। ਦੂਜੇ ਧਰਮਾਂ ਦੇ ਵੀ ਫ਼ੌਜੀ ਸਾਥੀ ਆਪ ਦੇ ਧਾਰਮਕ ਜੀਵਨ ਕਰਕੇ ਬਾਊ ਜੀ ਨਾਲ ਪਿਆਰ-ਸਤਿਕਾਰ ਨਾਲ ਪੇਸ਼ ਆਉਂਦੇ ਸਨ।



www.AKJ.Org

ਫ਼ਰਾਂਸ ਵਿਚ ਬਰਫ਼ਾਨੀ ਸਰਦੀ ਦੇ ਨਾਲ-ਨਾਲ ਨਰੋਈ ਤੇ ਢੁਕਵੀਂ ਖ਼ੁਰਾਕ ਦੀ ਥਾਂ ਨਾਕਸ ਖ਼ੁਰਾਕ ਮਿਲਣ ਕਰਕੇ ਹੌਲੀ-ਹੌਲੀ ਮਾਨਯੋਗ ਬਾਊ ਜੀ ਦਾ ਸਰੀਰ ਕਮਜ਼ੋਰ ਹੋਣਾ ਸ਼ੁਰੂ ਹੋ ਗਿਆ ਅਤੇ ਤੀਜੇ ਸਾਲ ਜਦ ਡਾਕਟਰ ਨੇ ਸਰੀਰਕ ਮੁਆਇਨਾ ਕੀਤਾ ਤਾਂ ਦਸਿਆ ਕਿ ਇਸ ਥੋੜੇ ਥੋੜੇ ਹਲਕੇ ਬੁਖਾਰ ਦਾ ਕਾਰਨ ਖਬੇ ਫੇਫੜੇ ਵਿਚ ਟੀ ਬੀ (ਤਪਦਿਕ) ਦੀ ਬੀਮਾਰੀ ਦਾ ਉਗਵ ਪੈਦਾ ਹੈ। ਸੋ ਵਡੇ ਡਾਕਟਰ ਨੇ ਵਾਪਸ ਹਿੰਦੁਸਤਾਨ ਜਾ ਕੇ ਇਲਾਜ ਕਰਾਉਣ ਦੀ ਸਿਫਾਰਸ਼ ਕਰ ਦਿੱਤੀ। ਉਹ ਡਾਕਟਰ ਸਾਹਿਬ ਇਕ ਸਿੰਘ ਜੀ ਸਨ, ਜੋ ਇਨ੍ਹਾਂ ਦੇ ਬਿਬੇਕ ਨੂੰ ਚੰਗੀ ਤਰ੍ਹਾਂ ਜਾਣਦੇ ਸਨ। ਉਨ੍ਹਾਂ ਨੇ ਬਾਊ ਜੀ ਦੇ ਨਾਲ ਇਕ ਅੰਮ੍ਰਿਤਧਾਰੀ ਸਿੰਘ ਨੂੰ ਸਹਾਇਤਾ ਲਈ ਭੇਜ ਦਿੱਤਾ।

## ਗੁਰਮਤਿ ਬਿਬੇਕ -

ਸਤਿਗੁਰ ਬਚਨ ਕਮਾਵਣੇ ਸਚਾ ਏਹੁ ਵੀਚਾਰੁ ॥

(ਸਿਰੀਰਾਗੁ ਮ: ੫, ਪੰਨਾ ੫੨)

ਸਤਿਗੁਰਾਂ ਦੇ ਸਮੂਹ ਬਚਨਾਂ ਰੂਪੀ ਹੁਕਮ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਰਸਾਉਂਦੀ ਹੈ ਅਤੇ ਇਸ ਰੌਸ਼ਨੀ ਵਿਚ ਰਹਿਤਨਾਮਿਆਂ ਤੋਂ ਜੋ ਸੇਧ ਮਿਲਦੀ ਹੈ ਜਾਂ ਸੀਨਾ-ਬਸੀਨਾ ਚਲੇ ਆਉਂਦੇ ਹਨ, ਉਨ੍ਹਾਂ ਸਮੂਹ ਹੁਕਮਾਂ ਨੂੰ ਮਨ, ਬਚ, ਕਰਮ ਕਰਕੇ ਕਮਾਉਣਾ ਗੁਰਮਤਿ ਬਿਬੇਕ ਹੈ। ਇਨ੍ਹਾਂ ਸਮੂਹ ਹੁਕਮ ਇਸ ਤਤਸਾਰ ਗੁਰਮਤਿ ਕਰਮ-ਸਿਫ਼ਤ ਸਲਾਹ-ਦੇ ਸਹਾਈ ਕਰਮ ਹਨ ਅਤੇ ਸਾਰੇ ਸੰਜਮ ਸਾਧਨ-ਸੰਯੁਕਤ ਨਾਮ ਦੇ ਹੀ ਵਿਧਾਨ ਰੂਪ ਹਨ। ਆਤਮਕ ਜੀਵਨ ਦੀ ਉਨਤੀ ਲਈ ਬਿਬੇਕ ਧਾਰਨ ਕਰਨਾ, ਪ੍ਰਮਾਰਥੀ ਜੀਵਨ ਦੇ ਮੁਤਲਾਸ਼ੀ ਸਿਖ ਲਈ ਬਹੁਤ ਹੀ ਲਾਭਦਾਇਕ ਤੇ ਜ਼ਰੂਰੀ ਹੈ। ਇਨ੍ਹਾਂ ਗੁਰਮਤਿ ਹੁਕਮਾਂ ਨੂੰ ਨਿਭਾਉਣ ਖ਼ਾਤਰ ਗੁਰਸਿਖਾਂ ਨੂੰ ਕਈ ਕਠਨਾਈਆਂ ਵੀ ਝਲਣੀਆਂ ਪੈਂਦੀਆਂ ਹਨ। ਫ਼ਰਾਂਸ ਵਿਚ ਜਿਥੇ ਬਾਊ ਜੀ ਦਾ ਰਸਾਲਾਂ ਸਥਿਤ ਸੀ, ਉਥੇ ਸਖ਼ਤ ਸਰਦੀ ਪੈਂਦੀ ਸੀ। ਇਸ ਬਰਫ਼ਾਨੀ ਇਲਾਕੇ ਵਿਚ ਬਰਫ਼ ਵਰਗੇ ਠੰਢੇ ਜਲ ਨਾਲ ਅੰਮ੍ਰਿਤ ਵੇਲੇ ਜਾਗ ਕੇ ਸਣ-ਕੇਸੀਂ ਸਾਰੇ ਸਰੀਰ ਦਾ ਇਸ਼ਨਾਨ ਕਰਨਾ ਕੋਈ ਸਧਾਰਨ ਗੱਲ ਨਹੀਂ, ਜੋ ਮਾਨਯੋਗ ਬਾਊ ਜੀ ਨਿਤਾਪ੍ਰਤ ਨੇਮ ਨਾਲ ਫ਼ਰਾਂਸ ਵਿਚ ਨਿਭਾਉਂਦੇ ਰਹੇ। ਇਸ਼ਨਾਨ ਤੋਂ ਬਾਅਦ ਬਾਊ ਜੀ ਨਾਮ-ਅਭਿਆਸ ਵਿਚ ਜੁੱਟ ਜਾਂਦੇ, ਜੋ ਪਹੁ-ਫੁਟਾਲੇ ਤਕ ਘੰਟਿਆਂ ਬੱਧੀ ਲਗਾਤਾਰ ਜਾਰੀ ਰਹਿੰਦਾ। ਫਿਰ ਦਿਨ ਦੇ ਚੜ੍ਹਾ ਨਾਲ ਅੰਮ੍ਰਿਤਮਈ ਬਾਣੀਆਂ ਦੇ ਪਾਠ ਅਰੰਭ ਕਰ ਦਿੰਦੇ। ਨਿਤਨੇਮ ਉਪਰੰਤ ਗੁਰਦੁਆਰਾ ਅਸਥਾਨ ਤੰਬੂ ਵਿਚ ਪੁਜਦੇ। ਸਫ਼ਾਈ-ਵਿਛਾਈ ਪਿਛੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰ ਕੇ ਹੁਕਮ ਲੈਂਦੇ। ਉਥੇ ਹੋਰ ਨੇਮੀ ਪ੍ਰੇਮੀ ਫ਼ੌਜੀ ਵੀ ਪੁਜ ਜਾਂਦੇ। ਹਰ ਐਤਵਾਰ ਨੂੰ ਗਹਿਗਡਵਾਂ ਦੀਵਾਨ ਸਜਦਾ ਤੇ ਆਸਾ ਦੀ ਵਾਰ ਦਾ ਕੀਰਤਨ ਹੁੰਦਾ। ਰੋਜ਼ਾਨਾ ਗੁਰਦੁਆਰਾ ਸਾਹਿਬ ਦੀ ਹਜ਼ੂਰੀ ਉਪਰੰਤ ਆਪਣੇ ਅਸਥਾਨ ਤੇ ਪੁਜ ਕੇ ਇਸ ਹੁਕਮ ਦੀ ਪਾਲਣਾ ਕਰਦੇ-**ਵੇਦੀਨਾ ਕੀ ਦੋਸਤੀ ਵੇਦੀਨਾ ਕਾ ਖਾਣੁ ॥**

**ਸਿਫਤੀ ਸਾਰ ਨ ਜਾਣਨੀ ਸਦਾ ਵਸੈ ਸੈਤਾਨੁ ॥੧॥੧੪॥**

**ਸਲੋਕ ਮ: ੧, ਵਾਰ ਸੂਹੀ, ਪੰਨਾ ੭੯੦**

ਗੁਰ-ਹੁਕਮ ਦੀ ਪਾਲਣਾ ਕਰਦੇ ਹੋਏ ਆਪਣਾ ਪਰਸ਼ਾਦਾ ਆਪ ਸਜਾਂਦੇ, ਕਿਉਂਕਿ ਖ਼ਾਲਸੇ ਨੂੰ ਖ਼ਾਲਸੇ ਨਾਲ ਹੀ ਅਭੇਦ ਵਰਤੋਂ-ਵਿਹਾਰ ਖਾਣ ਪਾਣ ਰੱਖਣ ਦਾ ਹੁਕਮ ਹੈ, ਬੇ-ਅੰਮ੍ਰਿਤੀਆਂ ਬੇਦੀਨਾਂ ਨਾਲ ਨਹੀਂ। ਖ਼ਾਲਸੇ ਦੀ ਰੋਟੀ-ਬੇਟੀ ਦਾ ਸਾਂਝ ਖ਼ਾਲਸੇ ਨਾਲ ਹੀ ਹੋ ਸਕਦੀ ਹੈ। ਇਸੇ ਕਰਕੇ ਸ੍ਰੀਮਾਨ ਬਾਊ ਜੀ ਬੇਅੰਮ੍ਰਿਤੀਆਂ ਦਾ ਤਿਆਰ ਕੀਤਾ ਹੋਇਆ ਪ੍ਰਸ਼ਾਦਾ ਨਹੀਂ ਛਕਦੇ ਸਨ ਅਤੇ ਆਪਣਾ ਲੰਗਰ ਆਪ ਤਿਆਰ ਕਰਦੇ ਸਨ। ਇਸ ਤੋਂ ਉਪਰੰਤ ਫਿਰ ਦਿਨ ਭਰ ਸਰਕਾਰੀ ਡਿਊਟੀ ਦਿੰਦੇ। ਦਫ਼ਤਰ ਦਾ ਕਾਰ ਵਿਹਾਰ ਵੀ ਪੂਰੀ ਤਨ-ਦੇਹੀ ਨਾਲ ਨਿਭਾਉਂਦੇ ਹੋਏ ਨਾਮ-ਸਿਮਰਨ ਜਾਰੀ ਰਖਦੇ। ਸ਼ਾਮ ਨੂੰ ਫਿਰ ਗੁਰਦੁਆਰੇ ਸਾਹਿਬ ਸੋਦਰ ਦਾ ਦੀਵਾਨ



www.AKJ.Org

ਸਜਦਾ ।

ਅਜਿਹੀ ਕਠਨ ਤਪੱਸਿਆ ਨਿਭਾਉਂਦਿਆਂ ਸਰੀਰ ਨੂੰ ਸੁਸਥ ਰੱਖਣ ਲਈ ਨਰੋਈ ਖ਼ੁਰਾਕ ਦੀ ਲੋੜ ਹੁੰਦੀ ਹੈ । ਇਸ ਪ੍ਰਥਾਇ ਗੁਰਬਾਣੀ ਦਾ ਸਪਸ਼ਟ ਹੁਕਮ ਹੈ -

**ਨਾਨਕ ਸੋ ਪ੍ਰਭੁ ਸਿਮਰੀਐ ਤਿਸੁ ਦੇਹੀ ਕੋ ਪਾਲਿ ॥੨॥੧੪॥**

**ਮ: ੫, ਬਿਹਾਗੜੇ ਕੀ ਵਾਰ, ਪੰਨਾ ੫੫੪**

ਪ੍ਰਭੂ-ਸਿਮਰਨ ਵਿਚ ਨਿਮਗਨ ਰਹਿੰਦਿਆਂ ਸਰੀਰ ਦੀ ਸੰਭਾਲ ਤੇ ਚੰਗੀ ਪਾਲਣਾ ਪੋਸਣਾ ਕਰਨੀ ਅਤਿ ਲੋੜੀਂਦੀ ਹੈ । ਸੋ ਬਾਊ ਜੀ ਨਾਮ-ਸਿਮਰਨ ਦੀ ਤਪ-ਤਪੱਸਿਆ ਤਾਂ ਪੂਰਨ ਤੌਰ ਤੇ ਕਰਦੇ ਸਨ, ਪਰ ਫੌਜੀ ਰਾਸ਼ਨ ਚੰਗਾ ਨਾ ਮਿਲਣ ਕਰਕੇ ਉਨ੍ਹਾਂ ਦੇ ਸਰੀਰ ਨੂੰ ਨਰੋਈ ਤੇ ਯੋਗ ਖੁਰਾਕ ਨਾ ਮਿਲ ਸਕੀ । ਨਤੀਜਾ ਇਹ ਹੋਇਆ ਕਿ ਸਹਿਜੇ ਸਹਿਜੇ ਸਰੀਰ ਕਮਜ਼ੋਰ ਹੋਣ ਲੱਗ ਪਿਆ, ਜੋ ਕੁਝ ਸਮੇਂ ਬਾਅਦ ਹਲਕਾ ਹਲਕਾ ਬੁਖਾਰ ਰਹਿ ਕੇ ਬਿਮਾਰੀ ਦਾ ਰੂਪ ਧਾਰਨ ਕਰ ਗਿਆ ।

ਸ੍ਰੀਮਾਨ ਬਾਊ ਜੀ ਵਾਂਗ ਹੀ ਬਿਬੇਕ ਰਹਿਤ-ਰਹਿਣੀ ਨਿਭਾਉਂਦਿਆਂ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੂੰ ਭੀ ਜੇਲ੍ਹਾਂ ਵਿਚ ਅਤਿ ਦਰਜੇ ਦੀਆਂ ਕਠਨਾਈਆਂ ਤੇ ਜੇਲ੍ਹ-ਸਖ਼ਤੀਆਂ ਝਲਣੀਆਂ ਪਈਆਂ । ਕਈ ਕਈ ਹਫ਼ਤਿਆਂ ਦੇ ਕੜਾਕੇ ਸਹਿਣੇ ਪਏ ਅਤੇ ਮੁਲਤਾਨ ਵਰਗੇ ਜੇਲ੍ਹ ਵਿਚ, ਜਿਥੇ ਅਤਿ ਦਰਜੇ ਦੀ ਗਰਮੀ ਪੈਂਦੀ ਹੈ, ਚਾਲੀ ਚਾਲੀ ਦਿਨ ਦੀ ਭੁਖ-ਹੜਤਾਲ ਬਿਬੇਕ ਨਿਭਾਉਣ ਖ਼ਾਤਰ ਕਰਨੀ ਪਈ । ਜੇਠ ਹਾੜ ਦੀ ਕੜਕਦੀ ਧੁਪ ਵਿਚ ਜ਼ਾਲਮਾਂ ਨੇ ਸਵੇਰੇ ਅੱਠ ਵਜੇ ਲਟਕਾ ਦੇਣਾ, ਹੱਥਕੜੀ ਸਮੇਤ ਹੱਥ ਉਪਰ ਬੰਨ੍ਹ ਦੇਣੇ ਅਤੇ ਹੇਠ ਬੇੜੀਆਂ ਸਮੇਤ ਪੈਰ ਬੰਨ੍ਹ ਦੇਣੇ । ਦੁਪਹਿਰ ਵੇਲੇ ਇਹ ਲੋਹੇ ਦੀਆਂ ਡੰਡੇ-ਬੇੜੀਆਂ ਤੇ ਹੱਥਕੜੀਆਂ ਧੁੱਪ ਨਾਲ ਤਪ ਕੇ ਅੱਗ ਵਾਂਗ ਹੋ ਜਾਣੀਆਂ, ਨੱਕ ਤੋਂ ਨਕਸੀਰਾਂ ਛੁਟ ਪੈਣੀਆਂ, ਸ਼ਾਮ ਨੂੰ ਕਿਤੇ ਸਤ ਵਜੇ ਜਾ ਕੇ ਟਿਕਟਿਕੀ ਤੋਂ ਉਤਾਰ ਕੇ ਕੋਠੀ ਵਿਚ ਸੁਟ ਜਾਣਾ । ਕੇਵਲ ਨਾਮ ਦੇ ਆਸਰੇ ਹੀ ਸਰੀਰ ਕਾਇਮ ਰਿਹਾ, ਨਹੀਂ ਤਾਂ ਇੰਨੇ ਭਿਆਨਕ ਤਸੀਹਿਆਂ ਦੇ ਨਾਲ ਅੰਨ-ਜਲ ਤੋਂ ਬਿਨਾਂ ਸਰੀਰ ਕਾਇਮ ਰਹਿ ਹੀ ਨਹੀਂ ਸਕਦਾ । ਬਿਬੇਕ ਨਿਭਾਉਣ ਖ਼ਾਤਰ ਹੀ ਸ੍ਰੀਮਾਨ ਭਾਈ ਸਾਹਿਬ ਜੀ ਨੂੰ ਹੋਰ ਜੇਲ੍ਹਾਂ ਵਿਚ ਵੀ ਬੜੀਆਂ ਬੜੀਆਂ ਸਖ਼ਤੀਆਂ ਸਹਿਣੀਆਂ ਪਈਆਂ । ਨਾਗਪੁਰ ਜੇਲ੍ਹ ਵਿਚ ਤਾਂ ਸਖ਼ਤੀਆਂ ਦੀ ਹੱਦ ਹੀ ਹੋ ਗਈ । ਜ਼ਾਲਮਾਂ ਨੇ ਫੋਰਸ-ਫੀਡਿੰਗ (ਜਬਰੀ ਖ਼ੁਰਾਕ) ਕਰਦਿਆਂ ਆਪ ਜੀ ਦੇ ਦੰਦ ਭੰਨੇ, ਮੂੰਹ ਵਿਚ ਲਕੜ ਦਾ ਲਗਾਮ ਦੇ ਕੇ ਜਬਾੜੇ ਪਾੜੇ । ਮਾਰ-ਕੁਟ ਤੇ ਬੋਲ ਕੁਬੋਲ ਆਦਿਕ ਸਖ਼ਤੀਆਂ ਦੀ ਹੱਦ ਕਰ ਦਿੱਤੀ । ਪਰ ਭਾਈ ਸਾਹਿਬ ਆਪਣੇ ਗੁਰਮਤਿ ਬਿਬੇਕ-ਰਹਿਣੀ ਤੇ ਦ੍ਰਿੜ੍ਹ ਤੇ ਅਡੋਲ ਰਹੇ ਅਤੇ ਗੁਰੂ ਭਾਣੇ ਵਿਚ ਸਭ ਕੁਝ ਸਿਰ ਤੇ ਝਲਿਆ ।

ਸੱਚੇ ਪਾਤਸ਼ਾਹ ਦੇ ਦਰਬਾਰ ਵਿਚੋਂ ਇਨ੍ਹਾਂ ਦੋਹਾਂ ਗੁਰੂ ਦੇ ਅਨਿੰਨ ਸੇਵਕਾਂ-ਭਾਈ ਸਾਹਿਬ ਰਣਧੀਰ ਸਿੰਘ ਤੇ ਸ੍ਰੀਮਾਨ ਬਾਊ ਮੱਲ ਸਿੰਘ ਜੀ ਨੂੰ ਨਾਮ-ਸਿਮਰਨ ਦੀ ਕਮਾਈ ਦੀ ਦ੍ਰਿੜ੍ਹਤਾ ਬਖ਼ਸ਼ਸ਼ ਹੋਈ ਤੇ ਨਾਲ ਹੀ ਉਸੇ ਦਰ ਤੋਂ ਬਿਬੇਕ ਧਾਰਨ ਕਰਨ ਦਾ ਵਿਸ਼ਵਾਸ ਮਿਲਿਆ ।

**ਸਤਿਗੁਰੁ ਸਿਖ ਕੀ ਕਰੈ ਪ੍ਰਤਿਪਾਲ ॥**

**ਤੇ - ਨਾਨਕ ਸਤਿਗੁਰੁ ਸਿਖ ਕਉ ਜੀਅ ਨਾਲਿ ਸਮਾਰੈ ॥**

**ਸੁਖਮਨੀ ਸਾਹਿਬ, ਅਸ: ੧੮, ਪਉੜੀ ੧, ਪੰਨਾ ੨੮੬**

ਦੇ ਬਿਰਦ ਅਨੁਸਾਰ ਸਤਿਗੁਰੂ ਜੀ ਨੇ ਇਨ੍ਹਾਂ ਦੋਹਾਂ ਗੁਰਮੁਖ ਹਸਤੀਆਂ ਨੂੰ ਇੰਨੀਆਂ ਔਕੜਾਂ ਸੌਕੜਾਂ ਵਿਚ ਵੀ ਚੜ੍ਹਦੀਆਂ ਕਲਾ ਵਿਚ ਰਖਿਆ ਅਤੇ ਆਪ ਸਹਾਈ ਹੋਏ ।



www.AKJ.Org

# WHO IS A SIKH ?

According to the SGPC Booklet of Sikh Rehat Maryada, first published in the '30s, the definition of a Sikh is as follows :-

"That woman or man is a Sikh, who believes in -

(a) One Supreme God (Akal Purkh);
(b) Ten Gurus - from Guru Nanak Sahib to Guru Gobind Singh Sahib;
(c) Guru Granth Sahib;
(d) Bani and Teachings of the Ten Gurus;
(e) The Amrit of Guru Gobind singh Sahib; and
(f) does not believe in any other religion."

Guru Granth Sahib defines a Sikh -------

ਮ: ੪ ॥
ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥
ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ ॥
ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥
ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥੨॥

(ਗਉੜੀ ਕੀ ਵਾਰ ਮ:੪॥) ਪੰਨਾ ੩੦੫-੦੬

In the above Shabad, Guru Ram Das Sahib, while laying down early morning bath for a Sikh, says that any person who wants to be called a Sikh gets up early in the morning with a zeal and endeavour, to repeat His Naam. All his sins are washed off by the "Simran" and Guru's counsel/sermon/advice - which in fact is the Bani of Guru Granth Sahib. At day-break he sings the Lord's praise by Kirtan of Gurbani ---------

ਨਿਤ ਉਠਿ ਗਾਵਹੁ ਪ੍ਰਭ ਕੀ ਬਾਣੀ ॥ ਆਠ ਪਹਰ ਹਰਿ ਸਿਮਰਹੁ ਪ੍ਰਾਣੀ ॥੨॥

(੧੩੪੦)

Throughout the day, he (or she) does not waste even one breath - he repeats His Naam with each breath that he takes. Guru Sahib says that he likes such a Gur-Sikh only. Such is the standard set by our Guru Sahib for a Sikh.

ਸੋਰਠਿ ਮਹਲਾ ੩ ॥
ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ ॥
ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ ॥
ਬਿਨੁ ਸਤਿਗੁਰ ਸੁਖੁ ਕਦੇ ਨ ਪਾਵੈ ਭਾਈ ਫਿਰਿ ਫਿਰਿ ਪਛੋਤਾਵੈ ॥੧॥ (੬੦੧)



www.AKJ.Org

Guru Sahib further says that a Sikh does not give just lip service to the Guru's Command/Will. A Sikh obeys each and every Command/Will of his Guru. Those who choose to live according to their own sweet will, will be leading a life of degradation, insults and fruitless efforts in running from pillar to post. Such people will never have peace and tranquility and they will lead a life of repentance and regret.

Those who pay only lip service to the Guru and do not live according to the Guru's will, Bhai Gurdas has this to say -

ਪੂਛਤ ਪਥਕਿ ਤਿਹ ਮਾਰਗਿ ਨ ਧਾਰੈ ਪਗੁ
ਪ੍ਰੀਤਮ ਕੈ ਦੇਸ ਕੈਸੇ ਬਾਤਨੁ ਕੈ ਜਾਈਐ ।
ਪੂਛਤ ਹੈ ਬੈਦ ਖਾਤ ਅਉਖਦਿ ਨ ਸੰਜਮ ਸੈ
ਕੈਸੇ ਮਿਟੈ ਰੋਗ ਸੁਖ ਸਹਜਿ ਸਮਾਈਐ ।
ਪੂਛਤ ਹੈ ਸੁਹਾਗਨਿ ਕਰਮ ਹੈ ਦੁਹਾਗਨਿ ਕੈ
ਰਿਦੈ ਬਿਭਿਚਾਰ ਕਤ ਸਿਹਜਾ ਬੁਲਾਈਐ ।
ਗਾਏ ਸੁਨੈ ਆਂਖੇ ਮੀਚੈ ਪਾਈਐ ਨ ਪਰਮਪਦੁ ॥
ਗੁਰ ਉਪਦੇਸੁ ਹਰਿ ਜਉ ਲਉ ਨ ਕਮਾਈਐ ॥੪੩੯॥

A traveller who keeps on enquiring, where this road leads to, but does not go on that road, how will he ever reach his destination (above of his beloved) by mere talk, a patient who consults a doctor but neither does he take the medicine nor does he avoid, refrain or abstain from the things that the doctor tells him to, how can he ever get rid of his sickness;..............................merely by (going to the holy places) sitting with eyes closed, and your mind running all over, will get you nowhere, till you put into practice what the Guru Commands you to do.

Therefore the Guru advises a Sikh -

ਜੋ ਸਤਿਗੁਰ ਸਰਣਿ ਸੰਗਤਿ ਨਹੀ ਆਏ ਧ੍ਰਿਗੁ ਜੀਵੇ ਧ੍ਰਿਗੁ ਜੀਵਾਸਿ ॥੩॥(੧੦)

Those so called Sikhs who do not seek refuge/shelter under the Guru's Umbrella (which in essence means obeying the commands of Guru Granth Sahib), their very existence is loathsome and damned.

ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ ਹਰਿ ਕਰਤਾ ਆਪਿ ਮੁਹਹੁ ਕਢਾਏ ॥
(੩੦੮)

For a Sikh, the Bani of his Guru is the Eternal Truth because the God Almighty Himself willed it so.

## Code of Conduct of a Sikh

Guru Gobind Singh Sahib has said that any Sikh who keeps the Rahat Maryada as ordained by the Guru deserves such a position that the Guru Sahib says that he would like to be a servant of that Sikh. Look at the importance that the Tenth Master gives to Rahat Maryada --

ਰਹਿਣੀ ਰਹੈ ਸੋਈ ਸਿਖੁ ਮੇਰਾ ॥ ਓਹ ਸਾਹਿਬ ਮੈ ਉਸ ਕਾ ਚੇਰਾ ॥
ਰਹਿਤ ਬਿਨਾਂ ਨਹਿ ਸਿਖ ਕਹਾਵੈ ॥ ਰਹਿਤ ਬਿਨਾਂ ਦਰ ਚੋਟਾਂ ਖਾਵੈ ॥
(ਰਹਿਤਨਾਮਾ ਭਾ: ਦੇਸਾ ਸਿੰਘ ਜੀ)
ਮਨ ਮੁਖ ਕਥਨੀ ਹੈ, ਪਰ ਰਹਿਤ ਨ ਹੋਈ (ਬਿਲਾਵਲ ਮ: ੧)



www.AKJ.Org

Guru Granth Sahib tells a Sikh -

ਗੁਰਸਿਖ ਮੀਤ ਚਲਹੁ ਗੁਰ ਚਾਲੀ ॥

ਜੋ ਗੁਰੁ ਕਹੈ ਸੋਈ ਭਲ ਮਾਨਹੁ ਹਰਿ ਹਰਿ ਕਥਾ ਨਿਰਾਲੀ ॥੧॥ (੬੬੭)

The Guru advises a Sikh by giving his a friendly advice that his code of conduct should be as laid down by the Guru. Whatever the Guru says, the Sikh must accept it without any reservations. The Path of the Guru (Sikhi) is extraordinary and peculiar and there is none other (nor will there ever be) like it.

The Gurbani and Rehatnamas lay down four "Cardinal Sins" (ਬੱਜਰ ਕੁਰਹਿਤਾਂ). Any Sikh who is guilty of committing any one of them, is not a Sikh. Anybody who has already committed any of them, has to give them up before he can be considered for admission into the Sikh Panth. There are:-

(a) Not keeping unshorn hair.

(b) Eating meat "Kutha" (ਕੁੱਠਾ)

(c) Consumption of tobacco, liquor or any other type of intoxicant.

(d) Adultery.

Kutha is that meat which has been obtained as a result of killing of an animal. Some Gianis and so-called scholars who want to continue eating meat, have given a coloured meaning to Kutha, as that meat which is obtained by observing the Muslim method of killing i.e., Halal. This subject will be discussed in detail in the light of Gurbani.

Guru Gobind Singh laid down a definite code of dress for his Sikhs without consideration of sex, creed, race or nationality. A sikh is required t wear a turban on his/her head ( ) Guru Sahib has laid down that a Sikh must keep his/her body as gifted by the God without deforming it in any way i.e., no piercing of ears/nose, no dying of hair or tottooing of skin and must wear a turban on the head. In addition he/she must keep a "Kangha" under the turban on the head to comb the hair, wear a "Kirpan" in a "gatra" to be used to fight injustice/cruelty, wear an iron "Kara" and a "Kachhera" - to remind the Sikh that he/she must always lead a life without adultery. A Sikh is to have sex only with the married partner. The others must be considered as fathers/mothers, brothers/sisters or children according to their age.

Unshorn hair is the stamp of the Guru for a Sikh. Violation of this code is a cardinal sin. Any Sikh who commits a cardinal sin, is excommunicated from the Sikh Panth and can never be a Sikh again till he or she gives it up and atones for the sin in the manner laid down in the Panth.

Whereas violation of warning of the items mentioned above, results not in excommunication, but un being declared a "Tankhaiya" The person concerned is required to undergo religious punishment, besides seeking forgiveness in the manner laid down.

Having broadly defined who is a Sikh and the code of conduct laid down by the Guru, we are now in a position to tackle the main subject of meat and its comsumption in the light of Gurmat/ Gurbani.

**Col. Baljinder Singh**



www.AKJ.Org

# ਸ਼ਰਧਾ !

"ਮਾਸੀ ਜੀ, ਤੁਸੀਂ ਰੋਜ਼ ਮੰਦਰ ਕਿਉਂ ਜਾਂਦੇ ਹੋ ?"

"ਆਪਣੇ ਇਸ਼ਟ ਦੀ ਅਰਾਧਨਾ ਕਰਨ ਲਈ !"

"ਇਸ ਨਾਲ ਕੀ ਹੁੰਦਾ ਹੈ ?"

"ਇੰਜ ਕਰਨ ਨਾਲ ਇਸ਼ਟ ਦੇਵਤਾ ਖੁਸ਼ ਹੁੰਦਾ ਹੈ ਤੇ ਜੋ ਮੰਗ ਮੰਗੀਏ ਪੂਰੀ ਕਰਦਾ ਹੈ।"

"ਚੰਗਾ ਮਾਸੀ ਜੀ, ਮੇਰੀ ਵੀ ਇਕ ਮੰਗ ਹੈ - ਇਹਦੇ ਬਾਰੇ ਵੀ ਇਸ਼ਟ ਦੇਵਤਾ ਦੇ ਕੰਨ ਵਿਚ ਬੇਨਤੀ ਕਰ ਦੇਣਾ !"

"ਉਹ ਕੀ ?"

"ਬੱਸ ਦੇਵਤਾ ਜੀ ਨੂੰ ਇਹੋ ਬੇਨਤੀ ਕਰਨੀ ਹੈ ਕਿ ਮੈਂ ਚੰਗੇ ਨੰਬਰ ਲੈ ਕੇ ਪ੍ਰੀਖਿਆ ਵਿਚੋਂ ਪਾਸ ਹੋਵਾਂ।"

"ਲੈ ਕੁੜੀਏ ! ਇਹ ਕਿਹੜੀ ਮੰਗ ਹੈ ? ਜੇ ਪੜ੍ਹੇਂਗੀ ਤਾਂ ਪਾਸ ਹੋ ਹੀ ਜਾਏਂਗੀ !"

"ਅੱਛਾ ਮਾਸੀ ਜੀ, ਜੇ ਪੜ੍ਹਨ ਨਾਲ ਹੀ ਪਾਸ ਹੋਈਦਾ ਹੈ ਤਾਂ ਦੇਵਤੇ ਦੀ ਕੋਈ ਮਿਹਰਬਾਨੀ ਨਹੀਂ ਨਾ ਹੁੰਦੀ !"

"ਹਾਂ ਠੀਕ ਹੈ !"

"ਫਿਰ ਤੁਸੀਂ ਵੀ ਮੰਦਰ ਕੀ ਲੈਣ ਜਾਣਾ ਹੈ ? ਛੱਡੋ ਸੂ ਪਰ੍ਹੇ - ਜੋ ਕੰਮ ਹੋਣ ਵਾਲਾ ਹੈ, ਉਹੀ ਹੁੰਦਾ ਹੈ। ਨਾਲੇ ਹੋਣੀ ਅਟੱਲ ਹੈ - ਦੇਵਤਾ ਭਲਾ ਕਿਸੇ ਹੋਣ ਵਾਲੀ ਘਟਨਾ ਨੂੰ ਟਾਲ ਸਕਦੈ ?"

"ਇਹ ਗੱਲ ਤਾਂ ਤੇਰੀ ਠੀਕ ਹੈ, ਪਰ ਫਿਰ ਵੀ ਸ਼ਰਧਾ ਬੜਾ ਕੁਝ ਕਰ ਦਿੰਦੀ ਹੈ - ਕਰਾਮਾਤਾਂ ਵਾਪਰ ਜਾਂਦੀਆਂ ਹਨ।"

"ਨਹੀਂ ਮਾਸੀ ਜੀ, ਸਭ ਤੋਂ ਵੱਡੀ ਕਰਾਮਾਤ ਤਾਂ ਉਦਮ ਹੈ - ਹੱਥ ਹਿਲਾਏ ਬਿਨਾਂ ਤਾਂ ਬੁਰਕੀ ਵੀ ਮੂੰਹ 'ਚ ਨਹੀਂ ਪੈ ਸਕਦੀ।"

ਮਾਸੀ ਨਿਰੁੱਤਰ ਸੀ।

ਡਾ ਗੁਰਚਰਨ ਸਿੰਘ 'ਆਦਰਸ਼'
੯੦/੧੪, ਸੁਭਾਸ਼ ਕਾਲੋਨੀ, ਜ਼ੀਰਾ।

'ਮੈਂ ਕਈ ਮਹਾਨ ਧਰਮ ਗ੍ਰੰਥਾਂ ਦਾ ਅਧਿਐਨ ਕੀਤਾ ਹੈ, ਪਰ ਮੈਨੂੰ ਕਿਸੇ ਹੋਰ ਵਿਚ ਇਤਨੀ ਜ਼ਿਆਦਾ ਆਤਮਿਕ ਅਤੇ ਮਾਨਸਿਕ ਪ੍ਰੇਰਨਾ ਸ਼ਕਤੀ ਨਹੀਂ ਮਿਲੀ, ਜਿਤਨੀ ਇਸ ਗ੍ਰੰਥ (ਸ੍ਰੀ ਗੁਰੂ ਗ੍ਰੰਥ ਸਾਹਿਬ) ਵਿਚ ਹੈ। ਇਸ ਗ੍ਰੰਥ ਵਿਚ ਕੁਝ ਖਾਸ ਹੀ ਵਿਲੱਖਣਤਾ ਹੈ। ਮੈਂ ਤਦ ਤਕ ਉਲਝਣ ਵਿਚ ਫਸੀ ਰਹੀ, ਜਦ ਤਕ ਕਿ ਮੈਨੂੰ ਇਹ ਪਤਾ ਨਹੀਂ ਲੱਗਿਆ ਕਿ ਅਸਲ ਵਿੱਚ ਇਹ ਗ੍ਰੰਥ ਬਾਕੀਆਂ ਨਾਲੋਂ ਵਧੇਰੇ ਆਧੁਨਿਕ ਹੈ। ਇਸ ਦਾ ਉਪਦੇਸ਼ ਹਰ ਧਰਮੀ ਅਤੇ ਅਧਰਮੀ ਲਈ ਹੈ। ਕਿਉਂਕਿ ਇਸ ਦਾ ਉਪਦੇਸ਼ ਮਨੁੱਖੀ ਹਿਰਦੇ ਅਤੇ ਆਤਮਾਂ ਦੀ ਖੋਜ ਲਈ ਹੈ।'

-ਮਿਸ ਪਰਲ ਐਸ ਬੱਕ



www.AKJ.Org

# ਗਉੜੀ ਸੁਖਮਨੀ

(੧) ਨਿਰਧਨ ਕਉ ਧਨੁ ਤੇਰੋ ਨਾਉ ॥
ਨਿਥਾਵੇ ਕਉ ਨਾਉ ਤੇਰਾ ਥਾਉ ॥
(੨) ਨਿਮਾਨੇ ਕਉ ਪ੍ਰਭ ਤੇਰੋ ਮਾਨੁ ॥
ਸਗਲ ਘਟਾ ਕਉ ਦੇਵਹੁ ਦਾਨੁ ॥
(੩) ਕਰਨ ਕਰਾਵਣਹਾਰ ਸੁਆਮੀ ॥
ਮਗਲ ਘਟਾ ਕੇ ਅੰਤਰਜਾਮੀ ॥
(੪) ਅਪਨੀ ਗਤਿ ਮਿਤਿ ਜਾਨਹੁ ਆਪੇ ॥
ਆਪਨ ਸੰਗਿ ਆਪਿ ਪ੍ਰਭ ਰਾਤੇ ॥
(੫) ਤੁਮਰੀ ਉਸਤਤਿ ਤੁਮ ਤੇ ਹੋਇ ॥
ਨਾਨਕ ਅਵਰੁ ਨ ਜਾਨਸਿ ਕੋਇ ॥੭॥

⌘⌘⌘⌘

(੧) ਸਰਬ ਧਰਮ ਮਹਿ ਸ੍ਰੇਸਟ ਧਰਮੁ ॥
ਹਰਿ ਕੋ ਨਾਮੁ, ਜਪਿ ਨਿਰਮਲ ਕਰਮੁ ॥
(੨) ਸਗਲ ਕ੍ਰਿਆ ਮਹਿ ਊਤਮ ਕਿਰਿਆ ॥
ਸਾਧ ਸੰਗਿ ਦੁਰਮਤਿ ਮਲੁ ਹਿਰਿਆ ॥
(੩) ਸਗਲ ਉਦਮ ਮਹਿ ਉਦਮੁ ਭਲਾ ॥
ਹਰਿ ਕਾ ਨਾਮੁ ਜਪਹੁ ਜੀਅ ਸਦਾ ॥
(੪) ਸਗਲ ਬਾਨੀ ਮਹਿ ਅੰਮ੍ਰਿਤ ਬਾਨੀ ॥
ਹਰਿ ਕੋ ਜਸੁ ਸੁਨਿ ਰਸਨ ਬਖਾਨੀ ॥
(੫) ਸਗਲ ਥਾਨ ਤੇ ਓਹੁ ਊਤਮ ਥਾਨੁ ॥
ਨਾਨਕ ਜਿਹ ਘਟਿ ਵਸੈ ਹਰਿ ਨਾਮੁ ॥੮॥

⌘⌘⌘⌘



www.AKJ.Org

## ਅਨੁਵਾਦ

(੧) ਤੇਰਾ ਨਾਮ ਹੀ ਨਿਰਧਨ ਦੇ ਲਈ, ਧਨ ਦਾ ਇਕੋ ਇਕ ਖ਼ਜ਼ਾਨਾ ॥
ਤੇਰਾ ਨਾਮ ਹੀ ਬੇ ਘਰ ਦੇ ਲਈ, ਅਸਲੀ ਪੱਕਾ ਪਤਾ ਟਿਕਾਣਾ ॥
(੨) ਤੇਰਾ ਨਾਮ ਨਿਮਾਣੇ ਦਾ ਵੀ, ਦੁਨੀਆਂ ਦੇ ਵਿਚ ਮਾਣ ਕਰਾਵੇ ॥
ਹਰ ਇਕ ਜੀਵ ਦੇ ਤਾਈਂ ਐ ਮਨ, ਤੇਰੀ ਮਿਹਰ ਥੀਂ ਰਿਜ਼ਕ ਪਹੁੰਚਾਵੇ ॥
(੩) ਕਰੇ ਕਰਾਵੇ ਆਪੇ ਸਭ ਕੁਝ, ਸਭ ਦਾ ਮਾਲਕ ਉਹ ਰਖਵਾਲਾ ॥
ਹਰ ਦਿਲ ਅੰਦਰ ਉਸ ਦਾ ਵਾਸਾ, ਹਰ ਦਿਲ ਦਾ ਉਹ ਜਾਨਣ ਵਾਲਾ ॥
(੪) ਹੇ ਪ੍ਰਭ ਤੂੰ ਆਪ ਹੀ ਆਪਣੀ, ਹਾਲਤ ਤੇ ਵਡਿਆਈ ਜਾਣੇਂ ॥
ਆਪੇ ਆਪਣੇ ਵਿਚ ਸਮਾਂ ਕੇ, ਮਗਨ ਰਹੇਂ ਹਰ ਇਕ ਰੰਗ ਮਾਣੇਂ ॥
(੫) ਤੇਰੀ ਸੋਭਾ ਤੂੰ ਹੀ ਜਾਣੇਂ, ਕੋਈ ਕਰ ਨਾ ਸਕੇ ਬਿਆਨ ॥
ਨੂਰੀ ਸਤਿਗੁਰ ਤੇਰੀ ਮਹਿਮਾ, ਜਾਣ ਨਹੀਂ ਸਕਦਾ ਇਨਸਾਨ ॥

## ਅਨੁਵਾਦ

(੧) ਸਭ ਧਰਮਾਂ ਤੋਂ ਉੱਤਮ ਜਗ ਤੇ, ਏਹੋ ਹੀ ਇਕ ਧਰਮ ਹੈ ਪਿਆਰੇ ॥
ਨਾਮ ਹਰੀ ਦਾ ਜਪ ਕੇ ਪ੍ਰਾਨੀਂ, ਆਪਣਾ ਜੀਵਨ ਸ਼ੁਧ ਗੁਜ਼ਾਰੇ ॥
(੨) ਸਭ ਰੀਤਾਂ ਰਸਮਾਂ ਨੇਮਾਂ 'ਚੋਂ, ਏਹੋ ਹੈ ਇਕ ਕੰਮ ਸੁਹਾਣਾ ॥
ਸਤ ਸੰਗਤ ਵਿਚ ਰਹਿ ਕੇ ਬੰਦੇ, ਮਨ ਦਾ ਹਉਮੈਂ ਮੈਲ ਗਵਾਣਾ ॥
(੩) ਹਰ ਉੱਦਮ 'ਚੋਂ ਏਹੋ ਉੱਦਮ, ਚੰਗਾ ਹੈ ਨਾ ਮਨੋਂ ਭੁਲਾਉ ॥
ਹਰੀ ਨਾਮ ਦੇ ਸਿਮਰਨ ਵਿਚ ਹੀ, ਪਿਆਰੇ ਆਪਣਾ ਮਨ ਚਿਤ ਲਾਉ ॥
(੪) ਬਾਣੀਆਂ ਵਿਚੋਂ ਸਭ ਤੋਂ ਉੱਤਮ, ਏਹੋ ਬਾਣੀ ਤੁਸੀਂ ਵਿਚਾਰੋ ॥
ਹਰ ਜਸ ਸਰਵਨ ਕਰੋ ਹਮੇਸ਼ਾਂ, ਰਸਨਾ ਤੋਂ ਹਰ ਨਾਮ ਉਚਾਰੋ ॥
(੫) ਸਭ ਤੀਰਥ ਅਸਥਾਨ ਤੋਂ ਉੱਤਮ, ਉਹ ਦਿਲ ਰੂਪੀ ਥਾਨ ਸੁਹਾਵੇ ॥
ਨੂਰੀ ਸਤਿਗੁਰ ਇਹ ਫ਼ੁਰਮਾਇਆ, ਜਿਸ ਦੇ ਹਿਰਦੇ ਨਾਮ ਸਮਾਵੇ ॥



www.AKJ.Org

## ਸਲੋਕੁ ॥

ਨਿਰਗੁਨੀਆਰ ਇਆਨਿਆ ਸੋ ਪ੍ਰਭ ਸਦਾ ਸਮਾਲਿ ॥
ਜਿਨਿ ਕੀਆ ਤਿਸੁ ਚੀਤਿ ਰਖੁ ਨਾਨਕ ਨਿਬਹੀ ਨਾਲਿ ॥੧॥

(੧) ਰਮਈਆ ਕੇ ਗੁਨ ਚੇਤਿ ਪਰਾਨੀ ॥
ਕਵਨ ਮੂਲ ਤੇ ਕਵਨ ਦ੍ਰਿਸਟਾਨੀ ॥
(੨) ਜਿਨਿ ਤੂੰ ਸਾਜਿ ਸਵਾਰਿ ਸੀਗਾਰਿਆ ॥
ਗਰਭ ਅਗਨਿ ਮਹਿ ਜਿਨਹਿ ਉਬਾਰਿਆ ॥
(੩) ਬਾਰ ਬਿਵਸਥਾ ਤੁਝਹਿ ਪਿਆਰੈ ਦੂਧ ॥
ਭਰਿ ਜੋਬਨ ਭੋਜਨ ਸੁਖ ਸੂਧ ॥
(੪) ਬਿਰਧਿ ਭਇਆ ਊਪਰਿ ਸਾਕ ਸੈਨ ॥
ਮੁਖਿ ਅਪਿਆਉ ਬੈਠ ਕਉ ਦੈਨ ॥
(੫) ਇਹੁ ਨਿਰਗੁਨ ਗੁਨੁ ਕਛੂ ਨ ਬੂਝੈ ॥
ਬਖਸਿ ਲੇਹੁ ਤਉ ਨਾਨਕ ਸੀਝੈ ॥੧॥

ੴੴੴੴ

(੧) ਜਿਹ ਪ੍ਰਸਾਦਿ ਧਰ ਊਪਰਿ ਸੁਖਿ ਬਸਹਿ ॥
ਸੁਤ ਭ੍ਰਾਤ ਮੀਤ ਬਨਿਤਾ ਸੰਗਿ ਹਸਹਿ ॥
(੨) ਜਿਹ ਪ੍ਰਸਾਦਿ ਪੀਵਹਿ ਸੀਤਲ ਜਲਾ ॥
ਸੁਖਦਾਈ ਪਵਨੁ ਪਾਵਕੁ ਅਮੁਲਾ ॥
(੩) ਜਿਹ ਪ੍ਰਸਾਦਿ ਭੋਗਹਿ ਸਭਿ ਰਸਾ ॥
ਸਗਲ ਸਮਗ੍ਰੀ ਸੰਗਿ ਸਾਥਿ ਬਸਾ ॥
(੪) ਦੀਨੇ ਹਸਤ ਪਾਵ ਕਰਨ ਨੇਤ੍ਰ ਰਸਨਾ ॥
ਤਿਸਹਿ ਤਿਆਗਿ ਅਵਰੁ ਸੰਗਿ ਰਚਨਾ ॥
(੫) ਐਸੇ ਦੋਖ ਮੂੜ ਅੰਧ ਬਿਆਪੇ ॥
ਨਾਨਕ ਕਾਢਿ ਲੇਹੁ ਪ੍ਰਭਿ ਆਪੇ ॥੨॥

ੴੴੴੴ



www.AKJ.Org

## ਅਨੁਵਾਦ

ਐ ਨਿਰਗੁਣ ਗੁਣ ਹੀਣ ਬੰਦਿਆਂ, ਚੇਤੇ ਰਖ ਤੂੰ ਦੀਨ ਦਿਆਲ ॥
ਜਿਸ ਤੈਨੂੰ ਹੈ ਪੈਦਾ ਕੀਤਾ, ਉਹ ਹੀ ਨਿਭਣਾ ਤੇਰੇ ਨਾਲ ॥

## ਅਨੁਵਾਦ

(੧) ਐ ਪ੍ਰਾਨੀ ਉਹ ਰਾਮ ਸੁਹਾਣਾ, ਮਨ ਚਿਤ ਲਾ ਗੁਣ ਉਸ ਦੇ ਗਾਉ ॥
ਜਿਸ ਮੁੱਢ ਤੋਂ ਤੇਰਾ ਰੂਪ ਸਜਾਇਆ, ਉਸ ਨੂੰ ਆਪਣੇ ਚਿਤ ਵਸਾਉ ॥
(੨) ਜਿਸ ਪ੍ਰਭ ਤੈਨੂੰ ਪੈਦਾ ਕਰਕੇ, ਸੁੰਦਰ ਰੂਪ ਅਪਾਰ ਬਣਾਇਆ ॥
ਜਿਸ ਪਿਆਰੇ ਤੇਰੀ ਰਕਸ਼ਾ ਕਰਕੇ, ਗਰਭ ਅਗਨ ਤੋਂ ਆਣ ਬਚਾਇਆ ॥
(੩) ਬਚਪਨ ਵਿਚ ਜਦ ਬੱਚਾ ਸੀ ਤੂੰ, ਪਿਆਰੇ ਤੈਨੂੰ ਦੁਧ ਪਿਲਾਇਆ ॥
ਜੋਬਨ ਵਿਚ ਭੋਜਨ ਸੁਖ ਦੇ ਕੇ, ਸੋਝੀ ਦਾ ਹਰ ਰਾਹ ਵਿਖਾਇਆ ॥
(੪) ਬ੍ਰਿਧ ਹੋਇਆ ਤਾਂ ਸਾਕ ਸਬੰਧੀ, ਤੇਰੇ ਲਈ ਬਖਸ਼ੇ ਰਖਵਾਲੇ ॥
ਮੂੰਹ ਵਿਚ ਤੇਰੇ ਪਾਉਣ ਗਰਾਹੀਆਂ, ਸਭ ਕੁਝ ਦੇਵਣ ਵਾਲੇ ॥
(੫) ਫਿਰ ਵੀ ਐ ਨ ਸ਼ੁਕਰੇ ਪ੍ਰਾਨੀ, ਉਸ ਦੇ ਨਾ ਜਾਣੇ ਉਪਕਾਰ ॥
ਬਖਸ਼ ਲਵੇ ਜੇ ਨੂਰੀ ਸਤਿਗੁਰ, ਉਹ ਕਰ ਸਕਦਾ ਬੇੜਾ ਪਾਰ ॥

## ਅਨੁਵਾਦ

(੧) ਐ ਪ੍ਰਾਨੀ ਜਿਸ ਦੀ ਕ੍ਰਿਪਾ ਥੀਂ, ਤੂੰ ਧਰਤੀ ਤੇ ਵਸਦਾਂ ਰਸਦਾਂ ॥
ਪੁੱਤਰ, ਭਾਈ, ਮੀਤ, ਇਸਤ੍ਰੀ, ਹਰ ਇਕ ਨਾਲ ਖੁਸ਼ੀ ਵਿਚ ਹਸਦਾਂ ॥
(੨) ਜਿਸ ਦੀ ਮੇਹਰ ਨਾਲ ਤੂੰ ਪ੍ਰਾਨੀ, ਠੰਡੇ ਜਲ ਥੀਂ ਪਿਆਸ ਮਿਟਾਉਨਾਂ ॥
ਸੀਤਲ ਹਵਾ ਸੁਖਾਂ ਦੀ ਲੈਨਾਂ, ਅਣਮੁੱਲਾ ਅੱਗ ਦਾ ਨਿੱਘ ਪਾਉਨਾਂ ॥
(੩) ਜਿਸ ਦੀ ਕ੍ਰਿਪਾ ਨਾਲ ਤੂੰ ਪਿਆਰੇ, ਹਰ ਇਕ ਸ਼ੈ ਦਾ ਲੁਤਫ ਉਠਾਉਨਾਂ ॥
ਹਰ ਇਕ ਵਸਤ ਪ੍ਰਾਪਤ ਕਰਕੇ, ਤੂੰ ਦੁਨੀਆਂ ਦੀ ਮੋਜ ਉਡਾਉਨਾਂ ॥
(੪) ਹੱਥ ਪੈਰ, ਕੰਨ, ਅੱਖਾਂ, ਜੀਭਾ, ਬਖਸ਼ੇ ਜਿਸ ਤੈਨੂੰ ਸਰਕਾਰ ॥
ਹੋਰਾਂ ਨਾਲ ਪ੍ਰੀਤਾਂ ਪਾ ਕੇ, ਉਹ ਦਿੱਤਾ ਤੋਂ ਮਨੋਂ ਵਿਸਾਰ ॥
(੫) ਏਹੋ ਜਿਹਾ ਨਾਸ਼ੁਕਰਾ ਅੰਨ੍ਹਾ, ਉਸ ਦਾ ਨਾ ਜੋ ਸ਼ੁਕਰ ਗੁਜ਼ਾਰੇ ॥
ਸਤਿਗੁਰ ਦੀ ਅਰਦਾਸ ਇਹ ਨੂਰੀ, ਆਪ ਹਰਿ ਉਹਨੂੰ ਪਾਰ ਉਤਾਰੇ ॥

ਸ੍ਰੋਮਣੀ ਕਵੀ ਅਨੂਪ ਸਿੰਘ ਨੂਰੀ
ਮੈਨੇਜਰ ਬੇਬੇ ਨਾਨਕੀ ਗੁਰਦੁਆਰਾ ਸੁਲਤਾਨਪੁਰ ਲੋਧੀ



www.AKJ.Org

# ਗੁਰੂ ਮਹਾਰਾਜ ਜੀ ਦੀ ਫੌਜ ਕੋਲ ਵੀ ਇਕ ਨਗਾਰਾ ਹੋਣਾ ਚਾਹੀਦਾ ਹੈ

ਭੰਗਾਣੀ ਕਿਸੇ ਪਿੰਡ, ਕਸਬੇ ਜਾਂ ਸ਼ਹਿਰ ਦਾ ਨਾਂ ਨਹੀਂ, ਇਕ ਛੋਟੀ ਜਹੀ ਵਾਦੀ ਦਾ ਨਾਂ ਹੈ ਅਤੇ ਪਾਉਂਟਾ ਤੋਂ ਲੱਗ ਭੱਗ ਅਠਾਰਾਂ ਮੀਲ ਦੂਰ ਦੋ ਪਹਾੜਾਂ ਦੇ ਵਿਚਕਾਰ ਫੈਲੀ ਹੋਈ ਹੈ। ਬਿਲਾਸਪੁਰ ਤੋਂ ਆਉਣ ਵਾਲੀ ਸੜਕ ਏਥੋਂ ਹੋ ਕੇ ਪਾਉਂਟਾ ਪਹੁੰਚਦੀ ਹੈ। ਅਜ ਤੋਂ ੩੦ ਵਰ੍ਹੇ ਪਹਿਲਾਂ ਭੰਗਾਣੀ ਤੋਂ ਪਾਉਂਟਾ ਆਉਣ ਵਾਲੀ ਇਹ ਸੜਕ ਕੱਚੀ ਅਤੇ ਪਥਰੀਲੀ ਸੀ। ਲੋਕ ਘੋੜਿਆਂ ਤੇ, ਪੈਦਲ ਜਾਂ ਬੈਲ ਗੱਡੀਆਂ ਵਿਚ ਸਫਰ ਕਰਦੇ ਸਨ, ਬੈਲ ਗੱਡੀਆਂ ਤੇ ਸਫਰ ਕਰਲ ਵਾਲਿਆਂ ਦਾ ਪਿੰਜਰ ਢਿੱਲਾ ਹੋ ਜਾਂਦਾ ਸੀ। ਗੁਰੂ ਮਹਾਰਾਜ ਜੀ ਦੇ ਜਮਾਨੇ ਵਿਚ ਇਹ ਕੱਚੀ ਸੜਕ ਵੀ ਨਹੀਂ ਸੀ ਕੇਵਲ ਇਕ ਪਗਡੰਡੀ ਸੀ, ਜਿਥੋਂ ਦੀ ਲੋਕ ਘੋੜਿਆਂ ਤੇ ਪੈਦਲ ਜਾਂ ਪਾਲਕੀਆਂ ਦਵਾਰਾ ਸਫਰ ਕਰਦੇ ਹੁੰਦੇ ਸਨ, ਉਸ ਤੋਂ ਪਹਿਲਾਂ ਸ਼ਾਇਦ ਇਹ ਪਗਡੰਡੀ ਵੀ ਨਾ ਹੋਵੇ, ਕਿਉਂਕਿ ਪਾਂਉਂਟਾ ਨਾਂ ਦਾ ਕੋਈ ਸ਼ਹਿਰ ਹੀ ਨਹੀਂ ਸੀ। ਗੁਰੂ ਮਹਾਰਾਜ ਜੀ ਨੇ ਨਾਹਣ ਦੇ ਰਾਜਾ ਦੀ ਦਾਅੱਵਤ ਤੇ ਉਥੇ ਪੁੱਜ ਕੇ ਇਕ ਕੱਸਬਾ ਜਿਹਾ ਆਬਾਦ ਕੀਤਾ, ਅਤੇ ਫੇਰ ਉਸ ਨੂੰ ਕਿਲ੍ਹੇ ਉਤੇ ਹਮਲਾ ਕਰਣ ਲਈ 'ਬਾਈ ਧਾਰ' ਦੇ ਰਾਜੇ ਪਾਉਂਟਾ ਵੱਲ ਨੂੰ ਵਧਣਾ ਚਾਹੁੰਦੇ ਸਨ, ਇਸ ਲਈ ''ਭੰਗਾਣੀ ਦੀ ਜੰਗ'' ਹੋਈ।

'ਬਾਈ ਧਾਰ'' ਉਸ ਪਹਾੜੀ ਇਲਾਕੇ ਦਾ ਨਾਂ ਹੈ, ਜਿਹੜਾ ਜੰਮੂ ਤੋਂ ਗੜਵਾਲ ਤੀਕਣ ਝੱਨਾਂ ਨਦੀ ਤੋਂ ਗੰਗਾ ਨਦੀ ਤੀਕ ਫੈਲਿਆ ਹੋਇਆ ਹੈ, ਅਤੇ ਜਿਹੜਾ ਉਹਦੋਂ ਬਾਈ ਰਿਆਸਤਾਂ ਵਿਚ ਵੰਡਿਆ ਹੋਇਆ ਸੀ। ਇਨ੍ਹਾਂ ਰਿਆਸਤਾਂ ਵਿਚ ਆਬਾਦੀ ਦੀ ਬਹੁ-ਗਿਣਤੀ ਸਨਾਤਨ ਧਰਮੀਆਂ ਜਾਂ ਪੁਰਾਣਕ ਹਿੰਦੂਆਂ ਦੀ ਸੀ, ਇਨ੍ਹਾਂ ਰਿਆਸਤਾਂ ਦੇ ਸਾਰੇ ਰਾਜੇ ਸਨਾਤਨ ਧਰਮੀ ਹਿੰਦੂ ਸਨ।

ਇਤਿਹਾਸ ਦੀ ਸਭ ਤੋਂ ਵਧੇਰੇ ਦੁਖਾਂਤ ਗੱਲ ਇਹ ਹੈ ਕਿ ਜਿਨ੍ਹਾਂ ਹਿੰਦੂਆਂ ਦੀ ਖਾਤਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪੂਜਯ ਪਿਤਾਜੀ ਦਾ ਬਲੀਦਾਨ ਦਿਤਾ, ਜ੍ਹਿਨਾਂ ਨੂੰ ਜਗਾਣ ਅਤੇ ਸ਼ਕਤੀ ਸ਼ਾਲੀ ਬਨਾਣ ਲਈ ਸਿੱਖ ਗੁਰੂਆਂ ਨੇ ਆਪਣੇ ਜੀਵ ਨਿਛਾਵਰ ਕੀਤੇ, ਅਤੇ ਜਿਨ੍ਹਾਂ ਨੂੰ ਦਸਮ ਪਾਤਸ਼ਾਹ ਗੁਲਾਮੀ ਤੋਂ ਮੁਕਤ ਕਰਾਉਣਾ ਚਾਹੁੰਦੇ ਸਨ, ਉਹਨਾ ਦੇ ਆਪਣੇ ਹੀ ਬਣਾਏ ਹੋਏ ਪ੍ਰਤੀਨਿਧ ਹਿੰਦੂ ਰਾਜਿਆਂ ਨੇ ਗੁਰੂ ਮਹਾਰਾਜ ਜੀ ਉਤੇ ਪਹਿਲਾ ਹਮਲਾ ਕੀਤਾ।

ਇਹ ਹਮਲਾ ਕਿਉਂ ਹੋਇਆ? ਇਸ ਦੇ ਸਬੰਧ ਵਿਚ ਇਕ ਲੰਮੀ ਕਹਾਣੀ ਹੈ। ਪਰੰਤੂ ਇਹ ਕਹਾਣੀ ਹੀ ਹਮਲੇ ਦਾ ਅਸਲ ਕਾਰਨ ਹੋਵੇ, ਇਉਂ ਮੈਨੂੰ ਪ੍ਰਤੀਤ ਨਹੀਂ ਹੁੰਦਾ, ਕਹਾਣੀ ਇਉਂ ਕਰਕੇ ਹੈ :-

ਕਾਬਲ ਦੇ ਦੁਨੀ ਚੰਦ ਨੇ ਅਤੇ ਆਸਾਮ ਦੇ ਰਾਜਾ ਰਤਨ ਰਏ ਨੇ, ਗੁਰੂ ਮਹਾਰਾਜ ਜੀ ਨੂੰ ਇਕ ਬਹੁ-ਮੁੱਲਾ ਸ਼ਾਮੀਆਨਾ ਅਤੇ ਇਕ ਅਨੋਖਾ ਹਾਥੀ ਦਿਤਾ ਤਾਂ ਹਰ ਪਾਸੇ ਉਹਨਾਂ ਦੀ ਚਰਚਾ ਹੋਣ ਲਗ ਪਈ, ਹਰ ਪਾਸੇ ਧੁੰਮ ਪੈ ਗਈ, ਕਿ ਗੁਰੂ ਮਹਾਰਾਜ ਜੀ ਦੇ ਪਾਸ ਇਹੋ ਜਿਹੀਆਂ ਕੀਮਤੀ ਚੀਜਾਂ ਹਨ, ਜਿਹੋ ਜਿਹੀਆਂ ਕਿਸੇ ਰਾਜੇ ਮਹਾਰਾਜੇ ਦੇ ਪਾਸ ਵੀ, ਨਹੀਂ। ਗੁਰੂ ਮਹਾਰਾਜ ਜੀ ਰਹਿੰਦੇ ਸਨ, ਕਹਿਲੂਰ ਦੀ ਰਿਆਸਤ ਵਿਚ ਜਿਸ ਦਾ ਰਾਜਾ ਭੀਮ ਚੰਦ ਸੀ, ਉਸ ਨੂੰ ਜਦੋਂ ਖਬਰ ਮਿਲੀ ਕਿ ਉਸ ਦੀ ਰਿਆਸਤ ਵਿਚ ਰਹਿਨ ਵਾਲੇ ਇਕ ਆਦਮੀ ਕੋਲ ਅਜਿਹੀਆਂ ਕੀਮਤੀ ਚੀਜਾਂ ਹਨ, ਜਿਹੋ ਜਹੀਆਂ ਉਸ ਦੇ ਕੋਲ ਵੀ ਨਹੀਂ ਤਾਂ ਉਹ ਸੜ ਬਲ ਕੇ ਕੋਲੇ ਹੋ ਗਿਆ। ਪਰੰਤੂ ਉਹ ਕਰ ਕੀ ਸਕਦਾ ਸੀ। ਗੁਰੂ ਮਹਾਰਾਜ ਜੀ ਕੋਈ ਨਿਹੱਤੇ ਤੇ ਸਨ ਨਹੀਂ, ਇਕ ਚੰਗੀ ਖਾਸੀ ਫੌਜ ਉਹਨਾਂ ਦੇ ਕੋਲ ਸੀ, ਇਸ ਲਈ ਉਹ ਠੰਡੇ ਦਿਲ ਨਾਲ ਅਜਿਹੇ ਢੰਗ ਤੇ ਵਿਚਾਰ ਕਰਨ ਲੱਗਾ, ਜਿਸ ਨਾਲ ਇਹ ਹਾਥੀ (ਜਿਸ ਦਾ ਨਾਂ ਗੁਰੂ ਮਹਾਰਾਜ



www.AKJ.Org

ਜੀ ਨੇ ਪਰਸ਼ਾਦੀ ਰੱਖ ਦਿਤਾ ਸੀ) ਅਤੇ ਇਹ ਕਾਬਲੀ ਸ਼ਾਮੀਆਨ ਉਸ ਨੂੰ ਮਿਲ ਜਾਵੇ।

ਦੂਜੇ ਪਾਸੇ ਗੁਰੂ ਮਹਾਰਾਜ ਜੀ ਦੀ ਫੌਜ ਤਾਕਤ ਵਿਚ ਦਿਨੋ ਦਿਨ ਵਾਧਾ ਹੋ ਗਿਆ ਸੀ। ਕੁਝ ਸਿਖਾਂ ਨੇ ਉਹਨਾਂ ਸਾਹਮਣੇ ਸੁਝਾਉ ਰੱਖਿਆ ਕਿ ਗੁਰੂ ਮਹਾਰਾਜ ਜੀ ਦੀ ਫੌਜ ਕੋਲ ਵੀ ਇਕ ਨਗਾਰਾ ਹੋਣਾ ਚਾਹੀਦਾ ਹੈ। ਹਰ ਫੌਜ ਦੇ ਪਾਸ ਇਹ ਨਗਾਰਾ ਹੁੰਦਾ ਹੈ। ਸਾਡੇ ਕੋਲ ਕਿਉਂ ਨਾ ਹੋਵੇ ?"

ਗੁਰੂ ਮਹਾਰਾਜ ਜੀ ਨੇ ਕਿਹਾ, "ਇਹ ਠੀਕ ਗੱਲ ਹੈ, ਨਗਾਰਾ ਬਨਾਉਣ ਦਾ ਹੁਕਮ ਦਿਤਾ ਜਾਵੇ, ਅਤੇ ਇਤਨਾ ਵਡਾ ਨਗਾਰਾ ਬਨਵਾਇਆ ਜਾਵੇ, ਜਿਤਨਾ ਵੱਡਾ ਹੋਰ ਕਿਸੇ ਦੇ ਕੋਲ ਨਾ ਹੋਵੇ, ਅਸੀਂ ਇਸ ਦਾ ਨਾਂ, 'ਰਣਜੀਤ' ਰਖਾਂਗੇ।

ਫੇਰ ਇਹ ਨਗਾਰਾ ਬਣ ਗਿਆ, ਵਜਿਆ-ਮੀਲਾਂ ਤੋੜੀ, ਇਸ ਦੀ ਗੂੰਜ ਉਠਦੀ, ਇਉਂ ਲੱਗਦਾ ਜਿਉਂ ਬਦਲ ਗਜਦੇ ਹੋਣ।

ਗੁਰੂ ਜੀ ਦੇ ਕੁਝ ਸਾਥੀ ਅਜਿਹੇ ਵੀ ਸਨ, ਜਿਹੜੇ ਲੜਨਾ, ਭਿੜਨਾ ਨਹੀਂ ਸਨ ਚਾਹੁੰਦੇ। ਦਾਨ ਅਤੇ ਚੜਤਾਂ ਦੇ ਗੱਫਿਆਂ ਨਾਲ ਆਰਾਮ ਦਾ ਜੀਵਨ ਬਤੀਤ ਕਰਨਾਂ ਚਾਹੁੰਦੇ ਸਨ ਜਾਂ ਇਉਂ ਸਮਝਦੇ ਸਨ ਕਿ ਉਹਨਾਂ ਦਾ ਕੰਮ ਵਾਹਿਗੁਰੂ ਦਾ ਨਾਂ ਲੈਣਾ ਅਤੇ ਗੁਰਬਾਣੀ ਦਾ ਕੀਰਤਨ ਕਰਨਾ ਹੈ। ਬਾਕੀ ਕਿਸੇ ਗੱਲ ਨਾਲ ਉਹਨਾਂ ਦਾ ਕੋਈ ਸਬੰਧ ਨਹੀਂ ਹੋਣਾ ਚਾਹੀਦਾ। ਉਹਨਾਂ ਲੋਕਾਂ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ 'ਰਣਜੀਤ ਨਗਾਰਾ' ਨਾ ਬਣਾਇਆ ਜਾਵੇ। ਬਣ ਜਾਣ ਤੇ ਉਹਨਾਂ ਕਿਹਾ "ਇਸ ਨੂੰ ਵਜਾਇਆ ਨਾ ਜਾਵੇ।" ਵਜਨ ਤੇ ਉਹਨਾਂ ਆਖਿਆ "ਇਸ ਨੂੰ ਭੀਮ ਚੰਦ ਦੇ ਇਲਾਕੇ ਦੇ ਨੇੜੇ ਨਾ ਵਜਾਇਆ ਜਾਵੇ। ਉਸ ਸੁਣ ਲੀਤਾਂ ਤਾਂ ਆਫਤ ਖੜੀ ਹੋ ਜਾਵੇਗੀ।" ਗੁਰੂ ਜੀ ਨੇ ਉਹਨਾਂ ਦੀ ਗੱਲ ਵੱਲ ਧਿਆਨ ਨਾ ਦਿਤਾ ਤਾਂ ਉਹ ਮਾਤਾ ਗੁਜਰੀ ਜੀ ਦੇ ਪਾਸ ਗਏ। ਮਾਤਾ ਜੀ ਬਿਲਕੁਲ ਸਿੱਧੇ ਸਾਧੇ ਅਤੇ ਭੋਲੇ ਸਨ। ਹਰ ਆਦਮੀ ਦੇ ਵਾਸਤੇ ਉਹਨਾਂ ਦਾ ਦਰਬਾਰ ਖੁਲ੍ਹਾ ਰਹਿੰਦਾ ਅਤੇ ਹਰ ਆਦਮੀ ਦੀ ਗੱਲ ਉਹ ਸੁਨਦੇ ਸਨ। ਹਰ ਕਿਸੇ ਦੀ ਗੱਲ ਉਹਨਾਂ ਨੂੰ ਠੀਕ ਲਗਦੀ ਸੀ। ਉਹਨਾਂ ਨੇ ਗੁਰੂ ਜੀ ਨੂੰ ਆਪਣੇ ਕੋਲ ਬੁਲਾ ਕੇ ਦੱਸਿਆ ਕਿ ਉਹ ਲੋਕ ਕੀ ਕਹਿੰਦੇ ਹਨ। ਗੁਰੂ ਮਹਾਰਾਜ ਜੀ ਨੇ ਸਭ ਕੁਝ ਸੁਣਿਆ ਅਤੇ ਬੋਲੇ - "ਮਾਤਾ ਜੀ! ਹੁਣ ਹੱਥ ਤੇ ਹੱਥ ਧਰ ਕੇ ਬਹਿਣ ਦਾ ਵੇਲਾ ਨਹੀਂ ਹੈ। ਹਰ ਪਾਸੇ ਜ਼ੁਲਮ ਦੀ ਅੱਗ ਭੜਕ ਰਹੀ ਹੈ। ਉਸ ਨੂੰ ਬੁਝਾਣ ਵਾਸਤੇ ਹੀ ਪਿਤਾ ਜੀ ਨੇ ਆਪਣਾ ਸੀਸ ਦਿੱਤਾ। ਉਸ ਨੂੰ ਬੁਝਾਉਣ ਲਈ ਸਾਨੂੰ ਵੀ ਬਹੁਤ ਕੁਝ ਕਰਨਾ ਹੈ। ਇਹ ਨਗਾਰਾ ਜ਼ਰੂਰੀ ਹੈ। ਕਿਸੇ ਤੋਂ ਘਬਰਾਉਣ ਦੀ ਕੋਈ ਲੋੜ ਨਹੀਂ।" ਭੀਮ ਚੰਦ ਨੇ ਇਸ ਨਗਾਰੇ ਦੀ ਗੂੰਜ ਨੂੰ ਸੁਣਿਆ ਤਾਂ ਇਕ ਵਾਰੀ ਫਿਰ ਸੜ ਭੁਜ ਗਿਆ। ਜਾਪਦਾ ਹੈ ਕਿ ਇਹ ਆਦਮੀ ਬੜਾ ਮੂਰਖ, ਬੜਾ ਲਾਲਚੀ ਅਤੇ ਬੜਾ ਹੀ ਘਟੀਆ ਸੀ। ਉਸ ਨੇ ਕਈ ਲੋਕਾਂ ਨੂੰ ਕਿਹਾ ਕਿ 'ਸਾਨੂੰ ਫੌਜ ਲੈ ਕੇ ਗੁਰੂ ਗੋਬਿੰਦ ਸਿੰਘ ਉਤੇ ਹਮਲਾ ਕਰ ਦੇਣਾ ਚਾਹੀਦਾ ਹੈ। ਇਹ ਥੋੜੇ ਜਿਹੇ ਸਿੱਖ ਸਾਡਾ ਕੀ ਕਰ ਸਕਦੇ ਹਨ ? ਪਰੰਤੂ ਉਸ ਦੇ ਮੰਤਰੀਆਂ ਨੇ ਉਸ ਨੂੰ ਸਲਾਹ ਦਿੱਤੀ "ਇਉਂ ਕਰਨਾ ਠੀਕ ਨਹੀਂ। ਪਹਿਲਾਂ ਉਸ ਦੀ ਤਾਕਤ ਦਾ ਪਤਾ ਲਗਾ ਲੈਣਾ ਚਾਹਿਦਾ ਹੈ ਅਤੇ ਇਹ ਵੀ ਦੇਖ ਲੈਣਾ ਚਾਹੀਦਾ ਹੈ ਕਿ ਇਹ ਚੀਜਾਂ ਸੱਚਮੁੱਚ ਕੀਮਤੀ ਹਨ ਵੀ ਸਹੀ ਕਿ ਨਹੀਂ। ਅਤੇ ਫੈਸਲਾ ਕੀਤਾ ਗਿਆ ਕਿ ਇਕ ਮੰਤਰੀ ਗੁਰੂ ਜੀ ਦੇ ਪਾਸ ਘਲਿਆ ਜਾਵੇ, ਜਿਹੜਾ ਸਾਰੇ ਹਲਾਤ ਨੂੰ ਵੇਖੇ ਫਿਰ ਜਿਵੇਂ ਮੁਨਾਸਬ ਹੋਵੇ, ਉਵੇਂ ਕੀਤਾ ਜਾਵੇ।

ਇਕ ਮੰਤਰੀ ਨੂੰ ਗੁਰੂ ਜੀ ਦੇ ਪਾਸ ਭੇਜਿਆ ਗਿਆ। ਉਸ ਨੇ ਬੜੀ ਨਿਮਰਤਾ ਅਤੇ ਨਰਮੀ ਤੋਂ ਕੰਮ ਲੈਂਦਿਆਂ ਹੋਇਆਂ ਗੁਰੂ ਜੀ ਨੂੰ ਕਿਹਾ - "ਰਾਜਾ ਭੀਮ ਚੰਦ ਜੀ ਤੁਹਾਡੇ ਦਰਸ਼ਨ ਕਰਨ ਲਈ ਆਉਣਾ ਚਾਹੁੰਦੇ ਹਨ।" ਗੁਰੂ ਮਹਾਰਾਜ ਜੀ ਨੇ ਆਗਿਆ ਦੇ ਦਿੱਤੀ। ਰਾਜਾ ਸਾਹਿਬ ਆਏ। ਉਹਨਾਂ ਨੇ ਪ੍ਰਸ਼ਾਦੀ ਹਾਥੀ ਨੂੰ ਵੇਖਿਆ। ਅਤੇ ਵੇਖਦਿਆਂ ਹੀ ਉਸ ਦੇ ਦਿਲ ਵਿਚ ਲਾਲਚ ਦੀ ਅੱਗ ਭੜਕ ਉੱਠੀ। ਉਹ ਵਾਪਸ ਗਿਆ ਤਾਂ ਉਸ ਨੂੰ ਉਹ ਤਰਕੀਬ ਸੁਝ ਗਈ, ਜਿਸ ਦੀ ਉਸ ਨੂੰ ਭਾਲ ਸੀ। ਉਸ ਦੇ ਪੁੱਤਰ ਦੀ ਸ਼ਾਦੀ



www.AKJ.Org

ਸੀ। ਉਸ ਨੇ ਗੁਰੂ ਜੀ ਨੂੰ ਸੰਦੇਸ਼ ਭੇਜਿਆ ਕਿ ਮੇਰੇ ਪੁੱਤਰ ਦੀ ਸ਼ਾਦੀ ਹੈ। ਪਰ ਸ਼ਾਦੀ ਹਾਥੀ ਅਤੇ ਕਾਬਲੀ ਸ਼ਾਮੀਆਨਾ ਕੁਝ ਦਿਨਾਂ ਵਾਸਤੇ ਉਸ ਨੂੰ ਭੇਜ ਦਿਤਾ ਜਾਵੇ।'' ਗੁਰੂ ਮਹਾਰਾਜ ਜੀ ਨੇ ਉਤਰ ਦਿਤਾ ''ਮੈਨੂੰ ਅਫਸੋਸ ਹੈ, ਕਿ ਇਹ ਚੀਜਾਂ ਮੈਂ ਤੁਹਾਨੂੰ ਨਹੀਂ ਭੇਜ ਸਕਦਾ। ਇਹ ਚੀਜਾਂ ਮੇਰੇ ਸਿੱਖਾਂ ਨੇ ਮੈਨੂੰ ਦਿੱਤੀਆਂ ਹਨ, ਮੈਂ ਉਹਨਾਂ ਨੂੰ ਬਚਨ ਦਿਤਾ ਹੈ, ਕਿ ਇਹ ਚੀਜਾਂ ਮੇਰੇ ਪਾਸ ਹੀ ਰਹਿਣ ਗਈਆਂ।'' ਰਾਜਾ ਭੀਮ ਚੰਦ ਇਹ ਸੁਣ ਕੇ ਭੜਕ ਉਠਿਆ, ਪਰੰਤੂ ਮੰਤਰੀਆਂ ਦੀ ਰਾਏ ਤੇ ਚਲਦਿਆਂ, ਉਸ ਨੇ ਫੇਰ ਇਕ ਦੋ ਆਦਮੀ ਭੇਜੇ ਕਿ ਗੋਬਿੰਦ ਰਾਏ ਨੂੰ ਰਾਜੀ ਕਰਣ, ਪਰੰਤੂ ਗੁਰੂ ਜੀ ਤਾਂ ਫੈਸਲਾ ਕਰ ਚੁੱਕੇ ਸਨ, ਉਸ ਨੂੰ ਬਦਲਣ ਲਈ ਤਿਆਰ ਨਹੀਂ ਹੋਏ।

ਭੀਮ ਚੰਦ ਨੇ ਉਹਨਾਂ ਨੂੰ ਚਿੱਠੀ ਲਿਖੀ, ''ਅਸਾਂ ਅਜ ਤੋੜੀ ਤੁਹਾਨੂੰ ਇਸ ਲਈ ਤੰਗ ਨਹੀਂ ਕੀਤਾ, ਕਿਉਂਕਿ ਤੁਸੀਂ ਗੁਰੂ ਨਾਨਕ ਦੇਵ ਜੀ ਦੀ ਗੱਦੀ ਤੇ ਬ੍ਰਾਜਮਾਨ ਹੋ, ਪਰ ਹੁਣ ਤੁਹਾਡੇ ਰੰਗ ਢੰਗ ਸਾਥੋਂ ਸਹਿਣ ਨਹੀਂ ਹੋ ਸਕਦੇ, ਜੇਕਰ ਤੁਸੀਂ ਅਨੰਦਪੁਰ ਵਿਚ ਰਹਿਣਾ ਚਾਹੁੰਦੇ ਹੋ ਤਾਂ ਵਫਾਦਾਰ ਪਰਜਾ ਵਾਂਗੂ ਰਵੋ, ਨਹੀਂ ਤਾਂ ਸਾਡੀ ਰਿਆਸਤ ਵਿਚੋਂ ਨਿਕਲ ਜਾਉ। ਜੇ ਕਰ ਤੁਸਾਂ ਇਨਕਾਰ ਕੀਤਾ ਤਾਂ, ਯਾਦ ਰਖੋ, ਜੰਗ ਹੋਵੇਗੀ ਅਤੇ ਉਸ ਦੇ ਨਤੀਜੇ ਬੜੇ ਖਰਾਬ ਹੋਣਗੇ।''

ਗੁਰੂ ਜੀ - ਇਸ ਪੱਤਰ ਨੂੰ ਵੇਖ ਕੇ ਮੁਸਕਰਾਏ, ਫੇਰ ਹੱਸ ਕੇ ਕਹਿਣ ਲੱਗੇ, ''ਇਹ ਮੂਰਖ ਮੈਨੂੰ ਆਪਣੀ ਪਰਜਾ ਸਮਝਦਾ ਹੈ।''

ਪਰੰਤੂ ਆਪਣੇ ਮਾਮਾ ਸ੍ਰੀ ਕਿਰਪਾਲ ਚੰਦ, ਆਪਣੇ ਇਤਬਾਰੀ ਦੀਵਾਨ ਨੰਦ ਚੰਦ ਜੀ ਅਤੇ ਸਿੱਖ ਸੰਗਤਾਂ ਦੀ ਰਾਏ ਅਨੁਸਾਰ ਉਹਨਾਂ ਉੱਤਰ ਦਿੱਤਾ, ''ਤੁਹਾਡਾ ਭੁਲੇਖਾ ਦੂਰ ਕਰਨ ਲਈ, ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ, ਕਿ ਮੈਂ ਤੁਹਾਡੇ ਰਾਜ ਵਿਚ ਨਹੀਂ ਰਹਿੰਦਾ। ਇਹ ਥਾਂ ਮੇਰੇ ਪਿਤਾ ਜੀ ਨੇ ਸੋਨਾ ਦੇ ਕੇ ਖਰੀਦੀ ਹੈ, ਅਤੇ ਇਸ ਸ਼ਰਤ ਨਾਲ ਖਰੀਦੀ ਹੈ, ਕਿ ਇਥੇ ਰਾਜੇ ਦੀ ਹਕੂਮਤ ਨਹੀਂ ਹੋਵੇਗੀ। ਉਸ ਨੂੰ ਇਥੋਂ ਕਿਸੇ ਪ੍ਰਕਾਰ ਦਾ ਮਾਲੀਆ ਲੈਣ ਦਾ ਕੋਈ ਅਧੀਕਾਰ ਨਹੀਂ ਹੋਵੇਗਾ, ਇਸ ਲਈ ਇਸ ਭੁਲੇਖੇ ਵਿਚ ਨਾ ਭੁੱਲੋ ਕਿ ਮੈਂ ਤੁਹਾਡੀ ਪਰਜਾ ਹਾਂ। ਮੈਂ ਤੁਹਾਨੂੰ ਪਹਿਲਾਂ ਵੀ ਦੱਸ ਚੁਕਿਆ ਹਾਂ, ਅਤੇ ਫੇਰ ਦੱਸ ਦੇਣਾ ਚਾਹੁੰਦਾ ਹਾਂ, ਕਿ ਮੈਨੂੰ ਆਪਣੇ ਸਿੱਖਾਂ ਦੀ ਇੱਛਾ, ਜਾਨ ਤੋਂ ਵਧੇਰੇ ਪਿਆਰੀ ਹੈ। ਕਿਸੇ ਦੂਸਰੇ ਨੂੰ ਮੈਂ ਇਹ ਹਾਥੀ ਕਦੀ ਨਹੀਂ ਦੇ ਸਕਦਾ, ਜਿਥੇ ਤੋੜੀ ਤੁਹਾਡੇ ਜੰਗ ਦੇ ਡਰਾਵੇ ਦਾ ਸਵਾਲ ਹੈ, ਤੁਹਾਡੀ ਜੋ ਮਰਜੀ ਆਵੇ, ਸੋ ਕਰੋ। ਮੈਂ ਹਰ ਸਮੇਂ, ਹਰ ਗੱਲ ਲਈ ਤਿਆਰ ਬਰ-ਤਿਆਰ ਹਾਂ।''

ਭੀਮ ਚੰਦ ਨੇ ਇਹ ਖ਼ਤ ਪੜ੍ਹਿਆ, ਤਾਂ ਅੱਗ ਬਗੋਲਾ ਹੋ ਗਿਆ, ਦੰਦਾ ਨੂੰ ਪੀਹਣ ਲੱਗ ਪਿਆ।
ਤਦੋਂ ਹੀ ਮੰਤਰੀਆਂ ਸਲਾਹ ਦਿੱਤੀ, ਕਿ ''ਇਹ ਉਤਾਵਲ ਚੰਗੀ ਨਹੀਂ, ਪੁੱਤਰ ਦਾ ਵਿਆਹ ਹੋ ਲੈਣ ਦਿਉ, ਫੇਰ ਇਸ ਮਾਮਲੇ ਨੂੰ ਨਜਿੱਠ ਲੈਣਾ।''

ਕੁਝ ਸਮੇਂ ਲਈ ਸ਼ਾਂਤੀ ਹੋ ਗਈ, ਪਰ ਭੀਮ ਚੰਦ ਦਾ ਦਿਲ ਸੜ ਰਿਹਾ ਸੀ, ਦਿਮਾਗ ਜਲ ਰਿਹਾ ਸੀ। ਸੰਨ ੧੬੮੪ ਈ: ਨੂੰ ਸ੍ਰੀ ਗੁਰੂ ਮਹਾਰਾਜ ਜੀ ਨਾਹਣ ਦੇ ਰਾਜਾ ਮੇਦਨੀ ਪਰਕਾਸ਼ ਦੀ ਦਾਅੱਵਤ ਤੇ ਉਸ ਦੀ ਰਿਆਸਤ ਵਿਚ ਗਏ, ਉਥੇ ਜਮਨਾ ਦੇ ਕਿਨਾਰੇ ਉਹਨਾਂ ਨੇ ਪਾਉਂਟਾ ਆਬਾਦ ਕੀਤਾ ਸੀ, ਅਨੰਦ ਪੁਰ ਵਾਂਗੂ ਪਾਉਂਟਾ ਵਿਚ ਵੀ ਹਰ ਪਾਸੇ ਰੋਣਕ ਜਾਗ ਪਈ, ਹਰ ਪਾਸੇ ਜੋਸ਼ ਸੀ, ਹਰ ਪਾਸੇ 'ਵੀਰ ਰਸ' ਅਤੇ 'ਭਗਤੀ ਰਸ' ਦਾ ਉਛਲਦਾ ਹੋਇਆ ਸਾਗਰ, ਹਰ ਪਾਸੇ ਹਾਸੇ ਖੁਸ਼ੀਆਂ।

(ਚਲਦਾ ਹੈ)

ਯੁਗ ਪੁਰਸ਼ ਚੋਂ ਧੰਨਵਾਦ ਸਹਿਤ



www.AKJ.Org

# POLITICAL DIRECTIVES ENUNCIATED BY GURU NANAK-PART I

**Dr. Meharban Singh**

Guru Nanak was born at a time when India was facing a great crisis. This crisis was for the calmly flowing stream of the Indian Culture, which had never been subjected to such a severe stress and storm. The political system was a challange to any self-respecting man, specially an individual like Guru Nanak could not bear that. He openly denounced the tyranny and injustice of the contemporary rulers. The Guru called upon the rulers to stand to reason and to rule in the interest of the people.

To understand, the importance of Guru Nanak's views, it is necessary to have a look at the contemporary sources of history and analysis of some historians :

Barni explains the conditions of Indian people in the 14th century : "No Hindu could hold up his head, and in their houses no sign of gold or silver, tankas or Jitals or of any superfluity was to be seen." 1

Farishta writes about Mehmood Gaznavi : "The religion of the faithful inculcates the following tenet : That in proportion as the tenets of the Prophet are diffused, and his followers exert themselves in the subversion of idolatory, so shall be their reward in heaven; that therefore, it behoved him, with the assistance of God, to root out the worship of idols from the face of all India.2

This type of oppression was not limited to Hindus; even Muslims were the victims of such tyranny not only in India but in other countries as well. According to K.M. Ashraf : ".........the practical politics of Islam were divorced from the theory of the Quran with the transfer of governmental machinery from Madina to Dumascus. This transfer of power to Syria also synchronised with a deeper change of out look among the rulers of Islam, hardly contemplated by the Prophet."3

That is why Guru Nanak labelled such rulers as 'Tigers' and 'Dogs' :

**"The rulers are turned Tigers,**
**Their officers dogs, None do**
**They allow in peace to rest."4**

He also called the cruel rulers as 'Demons' and They were finished by the Almighty Lord:

**'Harnakash who with the Lord's**
**claws was torn apart : All such**
**demons that practised not devotion,**
**by the Lord were destroyed."5**

At another place in his compositions the Guru emphatically says that such rulers themselves obtain the punishment of their bad deeds when they are thrown in hell.6



www.AKJ.Org

Notes :
1. As quoted by H.M. Eliot,History of India as Told by Its own Hirtorians, vol. III, P. 183
2. As quoted by John Briggs; History of the Rise of the Mohmedan Power in India, Vol.I,P. 30
3. Life and conditions of the People of Hindustan, P.40
੪ ਰਾਜੇ ਸੀਹ ਮੁਕਦਮ ਕੁਤੇ ॥

ਰਾਗੁ ਮਲਾਰ, ਪੰਨਾ-੧੨੮੮

੫ ਹਰਣਾਖਸੁ ਲੇ ਨਖਹੁ ਬਿਧਾਸਾ ॥

ਰਾਗੁ ਗਉੜੀ, ਪੰਨਾ ੨੨੪

੬ ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ ॥

ਰਾਗੁ ਆਸਾ, ਪੰਨਾ ੪੭੦-੭੧

(To be continued)

'ਸੂਰਾ' ਮਾਸਕ ਪੱਤਰ ਵਿਚ ਦਿਤੀ ਅਪੀਲ ਤੇ ਗੋਰ ਕਰਦਿਆਂ ਨਿਮਨ ਲਿਖਤ ਪਾਠਕ ਵੀਰਾਂ ਨੇ 'ਸੂਰੇ' ਨੂੰ ਮਦਦ ਭੇਜੀ ਹੈ । 'ਸੂਰਾ' ਪ੍ਰੀਵਾਰ ਅੰਮ੍ਰਿਤਸਰ, ਧੰਨਵਾਦ ਕਰਦਾ ਹੈ :-

| | | | |
|---|---|---|---|
| ੧) | ਭਾਈ ਗੁਰਵਿੰਦਰ ਸਿੰਘ ਜੀ ਕੀਰਤੀ ਨਗਰ, ਦਿੱਲੀ ਸਟੇਟ । | ੧੦੦੦ ਰੁ: | |
| ੨) | ਗੁਪਤ ਦਾਨ | ਨਕਦ | - ੨੫੦੦੦ ਰੁ: |
| | | ਕਣਕ | - ੧੦ ਬੋਰੀਆਂ |
| | | ਖੰਡ | - ਦੋ ਬੋਰੀਆਂ |
| | | ਛੋਲਿਆਂ ਦੀਆਂ | - ਦੋ ਬੋਰੀਆਂ |
| | | ਮਾਂਹ | - ਦੋ ਬੋਰੀਆਂ |
| | | ਦਾਲ ਛੋਲਿਆਂ ਦੀ | - ਦੋ ਬੋਰੀਆਂ |
| ੩) | ਭਾਈ ਸਵਰਨ ਸਿੰਘ ਹਾਊਸ ਨੰਬਰ, ੨੧੬੦ ਸੈਕਟਰ ੧੯-ਸੀ ਚੰਡੀਗੜ੍ਹ | ੫੦੦ ਰੁਪਏ । | |
| ੪) | ਗੁਪਤ ਦਾਨ (ਦਿੱਲੀ ਤੋਂ) | ੧੦੦੦ ਰੁ: । | |
| ੫) | ਬੀਬੀ ਸੁਰਜੀਤ ਕੌਰ ਸੇਹਿਗਲ ਲੰਦਨ (ਯੂ ਕੇ) | ੩੦੦੦ ਰੁ: । | |
| ੬) | ਬੀਬੀ ਹਰਚਰਨ ਕੌਰ, ਕਨੇਡਾ ਵਾਸੀ | ੫੦੦੦ ਰੁ: । | |
| ੭) | ਲੈਫਟੀਨੈਂਟ ਕਰਨਲ, ਕੁਲਵੰਤ ਸਿੰਘ | ੨੫੦ ਰੁ: । | |


## ਵਿਆਹ ਸਬੰਧੀ ਇਸ਼ਤਿਹਾਰ

੧) ੨੩ ਸਾਲਾ ਕੱਦ ੫ ਫੁੱਟ ੧੦ ਇੰਚ, ਐਮ ਐਸ-ਸੀ (ਐਗਰੀਕਲਚਰ), ਰੰਗ ਸਾਫ਼, ਗੁਰਸਿੱਖ ਲੜਕੇ ਲਈ ਵਿਦੇਸ਼ ਵਿੱਚ ਸਥਾਪਤ ਯੋਗ ਬੀਬੀ ਦੀ ਲੋੜ ਹੈ । ਪਿਤਾ ਬੈਂਕ ਅਫ਼ਸਰ ਅਤੇ ਅੰਮ੍ਰਿਤਸਰ ਵਿੱਚ ਸਥਾਪਤ ।
ਮਿਲੋ : ਸ੍ਰ: ਪ੍ਰਿਥਵੀ ਰਾਜ ਸਿੰਘ (ਰਿਟਾਇਰਡ ਇੰਸਪੈਕਟਰ), ਮਕਾਨ ਨੰਬਰ ੭੭੪, ਲਾਗੇ ਕਾਲੇ ਦੀ ਬੰਬੀ, ਆਦਰਸ਼ ਨੰਗਰ, ਡਾਕਖਾਨਾ ਜਵਾਲਾ ਫਲੋਰ ਮਿੱਲ, ਅੰਮ੍ਰਿਤਸਰ । ਫੋਨ : ੦੧੮੩-੪੦੨੧੬੮

੨) ੨੨ ਸਾਲਾ, ਕੱਦ ੫ ਫੁੱਟ ੧੧ ਇੰਚ, ਕੰਪਿਊਟਰ ਗ੍ਰੈਜੂਏਟ, ਰੰਗ ਸਾਫ, ਗੁਰਸਿੱਖ, ਸੂਰਾ ਮਨਥਲੀ ਦਫ਼ਤਰ ਵਿਚ ਕੰਮ ਕਰਦੇ, ਸਿੰਘ ਲਈ ਵਿਦੇਸ਼ ਵਿੱਚ ਸਥਾਪਤ ਯੋਗ ਬੀਬੀ ਦੀ ਲੋੜ ਹੈ । ਪਿਤਾ ਬੈਂਕ ਅਫ਼ਸਰ ਅਤੇ ਅੰਮ੍ਰਿਤਸਰ ਵਿੱਚ ਸਥਾਪਤ ।
ਮਿਲੋ : ਸੂਰਾ ਮਨਥਲੀ ਦਫ਼ਤਰ, ਅੰਮ੍ਰਿਤਸਰ । ਫੋਨ : ੦੧੮੩-੫੪੬੩੨੦

ਰਿਸ਼ਤਿਆਂ ਸਬੰਧੀ ਸੂਰੇ ਵਿੱਚ ਜਾਣਕਾਰੀ




www.AKJ.Org

# ਮਾਤਾ ਸੁਲੱਖਣੀ ਜੀ ਦੀ ਗੁਰੂ ਘਰ ਵਿਚ ਮਹੱਤਤਾ

੧) ਅੰਮ੍ਰਿਤਸਰ ਜੀ ਤੋਂ ਤਰਨ ਤਾਰਨ ਸਾਹਿਬ ਵੱਲ ਜਾਣ ਵਾਲੀ ਸੜਕ ਉੱਤੇ ਚੱਬੇ ਨਾਮ ਦਾ ਇਕ ਪਿੰਡ ਵਸਦਾ ਹੈ। ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਸਮੇਂ ਸੁਲੱਖਣੀ ਨਾਮ ਦੀ ਇਕ ਜ਼ਿਮੀਦਾਰ ਮਾਈ ਇਸੇ ਪਿੰਡ ਵਿਚ ਵੱਸਦੀ ਸੀ। ਇਸ ਦੇ ਪਾਸ ਜ਼ਮੀਨ ਬਹੁਤ ਸੀ, ਪਰ ਔਲਾਦ ਦੀ ਕਮੀ ਸੀ। ਔਲਾਦ ਦੀ ਖਾਤਰ ਇਸ ਮਾਈ ਨੇ ਬਹੁਤ ਸਾਧਨ ਸਾਧੇ-ਵਰਤ ਰੱਖੇ, ਦੇਵੀ-ਦੇਵਤਿਆਂ ਦੀ ਪੂਜਾ ਕੀਤੀ, ਮੜ੍ਹੀਂ ਮਸਾਣੀਂ ਗਈ, ਗੁੱਗਾ ਪੀਰ ਮਨਾਇਆ, ਪੁੰਨ ਦਾਨ ਕੀਤੇ, ਤੀਰਥਾਂ ਤੇ ਗਈ, ਬਹੁਤ ਸੁੱਖਣਾਂ ਸੁੱਖੀਆਂ, ਪਰ ਮਨ ਦੀ ਮੁਰਾਦ ਪੂਰੀ ਨਾ ਹੋਈ। ਇਸ ਤਰ੍ਹਾਂ ਜਫਰ ਜਾਲਦੀ ਨੂੰ ਜਵਾਨੀ ਦੀਆਂ ਸ਼ਾਮਾਂ ਆ ਗਈਆਂ ਅਤੇ ਪੂਰਨ ਨਿਰਾਸਤਾ ਨਾਲ ਘਰ ਬੈਠ ਗਈ।

੨) ਇਨ੍ਹੀਂ ਦਿਨੀਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਅੰਮ੍ਰਿਤਸਰ ਸਾਹਿਬ ਹੀ ਟਿਕੇ ਹੋਏ ਸਨ। ਇਕ ਦਿਨ ਅਚਨਚੇਤ ਹੀ ਰਸਤੇ ਤੁਰੀ ਜਾਂਦੀ ਮਾਈ ਸੁਲੱਖਣੀ ਉੱਤੇ ਭਾਈ ਗੁਰਦਾਸ ਜੀ ਦੀ ਨਿਗਾਹ ਪੈ ਗਈ। ਭਾਈ ਗੁਰਦਾਸ ਜੀ ਨੂੰ ਇਸ ਮਾਈ ਦੀ ਦੌੜ-ਭੱਜ ਦਾ ਪਤਾ ਸੀ। ਪੁੱਛਣ ਲੱਗੇ, ''ਸੁਣਾ ਮਾਈ, ਕਿਤਿਓਂ ਆਸ ਬੱਝੀ ?'' ਮਾਈ ਜੀ ਨੇ ਹੌਕਾ ਭਰ ਕੇ ਉੱਤਰ ਦਿੱਤਾ, ''ਹੁਣ ਤਾਂ ਸਭ ਆਸਾਂ ਖ਼ਤਮ ਹੋ ਚੁਕੀਆਂ ਹਨ। ਕੋਈ ਥਾਂ ਛੱਡੀ ਨਹੀਂ। ਕੋਈ ਮਨੌਤ ਬਾਕੀ ਨਹੀਂ ਰਹੀ।'' ਭਾਈ ਸਾਹਿਬ ਕਹਿਣ ਲੱਗੇ, ''ਮਾਈ, ਨਿਰਾਸ ਨਾ ਹੋ। ਪੁੱਤਰ ਦੀ ਦਾਤ ਦੇਣ ਵਾਲੇ (ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ) ਅੰਮ੍ਰਿਤਸਰ ਸਾਹਿਬ ਟਿਕੇ ਹੋਏ ਨੀਂ। ਉਨ੍ਹਾਂ ਦੀ ਚਰਨੀਂ ਜਾ ਪਉ। ਬੜੇ ਦਇਆਲੂ ਨੀਂ। ਪੁੱਤਰ ਦੀ ਦਾਤ ਬਖਸ਼ ਦੇਣਗੇ।''

੩) ਭਾਈ ਗੁਰਦਾਸ ਜੀ ਦੇ ਸ਼ੁਭ ਬਚਨ ਸੁਣ ਕੇ ਮਾਤਾ ਸੁਲੱਖਣੀ ਜੀ ਦੇ ਹਿਰਦੇ ਅੰਦਰ ਉਮੀਦ ਨੇ ਫਿਰ ਸਿਰ ਚੁੱਕ ਲਿਆ। ਅਗਲੇ ਦਿਨ ਹੀ ਮਾਤਾ ਜੀ ਨੇ ਆ ਗੁਰੂ ਸਾਹਿਬ ਜੀ ਦੇ ਦਰਸ਼ਨ ਕੀਤੇ, ਅਤੇ ਪੁੱਤਰ ਦੀ ਦਾਤ ਲਈ ਬੇਨਤੀ ਕੀਤੀ। ਗੁਰੂ ਜੀ ਬੋਲੇ, ''ਮਾਈ, ਤੇਰੀ ਕਿਸਮਤ ਵਿਚ ਪੁੱਤਰ ਲਿਖਿਆ ਹੀ ਨਹੀਂ ਹੈ।'' ਇਹ ਸੁਣ ਕੇ ਮਾਤਾ ਸੁਲੱਖਣੀ ਬਿਲਕੁਲ ਹੀ ਢੇਰੀ ਢਾਹ ਕੇ ਘਰ ਵਾਪਸ ਆ ਗਈ। ਭਾਈ ਗੁਰਦਾਸ ਜੀ ਨੇ ਉਚੇਚੇ ਤੌਰ ਤੇ ਫਿਰ ਮਾਤਾ ਜੀ ਨੂੰ ਜਾ ਕੇ ਪੁੱਛਿਆ, ''ਮਾਈ ਜੀ ਸੁਣਾਓ, ਗੁਰੂ ਜੀ ਨੇ ਕੀ ਕਿਹਾ ?'' ਮਾਤਾ ਜੀ ਨੇ ਬੜੇ ਦੁਖੀ ਹਿਰਦੇ ਨਾਲ ਦਸਿਆ, ''ਗੁਰੂ ਜੀ ਕਹਿੰਦੇ ਸਨ, ਮੇਰੀ ਕਿਸਮਤ ਵਿਚ ਪੁੱਤਰ ਹੈ ਹੀ ਨਹੀਂ।''

੪) ਇਹ ਸੁਣ ਕੇ ਭਾਈ ਗੁਰਦਾਸ ਜੀ ਨੇ ਕਿਹਾ, ''ਮਾਤਾ, ਤੂੰ ਫੇਰ ਇਕ ਵੇਰ ਜਾਹ, ਅਤੇ ਆਪਣੇ ਨਾਲ ਕਲਮ, ਦਵਾਤ ਅਤੇ ਕਾਗਜ਼ ਲੈ ਜਾ। ਕੱਲ੍ਹ ਗੁਰੂ ਜੀ ਫਲਾਣੇ ਰਸਤੇ ਰਾਹੀਂ ਅੱਗੇ ਨੂੰ ਜਾ ਰਹੇ ਨੀਂ। ਤੂੰ ਉਨ੍ਹਾਂ ਨੂੰ ਰਸਤੇ ਵਿਚ ਹੀ ਜਾ ਮਿਲ। ਪਰਨਾਮ ਕਰਕੇ ਉਨ੍ਹਾਂ ਦੇ ਘੋੜੇ ਦੀ ਲਗਾਮ ਫੜ ਲਈਂ। ਅਤੇ ਕਹੀਂ, ''ਹੇ ਕਿਰਪਾਲੂ ਗੁਰੂ ਜੀ, ਕਿਸਮਤ ਲਿਖਣ ਵਾਲੇ ਤੁਸੀਂ ਆਪ ਹੀ ਜੇ। ਜੇ ਅੱਗੇ ਨਹੀਂ ਲਿਖਿਆ ਤਾਂ ਹੁਣ ਲਿਖ ਦਿਓ।''

੫) ਮਾਤਾ ਜੀ ਨੇ ਇੰਜ ਹੀ ਕੀਤਾ। ਅਗਲੇ ਦਿਨ ਕਾਗਜ਼, ਕਲਮ ਅਤੇ ਦਵਾਤ ਲੈ ਕੇ ਗੁਰੂ ਜੀ ਨੂੰ ਰਸਤੇ ਵਿਚ ਹੀ ਜਾ ਮਿਲੀ। ਗੁਰੂ ਜੀ ਨੂੰ ਨਮਸ਼ਕਾਰ ਕਰਕੇ ਉਨ੍ਹਾਂ ਦੇ ਘੋੜੇ ਦੀ ਲਗਾਮ ਫੜ ਲਈ ਉਸ ਅਤੇ ਕਹਿਣ ਲੱਗੀ, ''ਅਹਿ ਲਉ ਕਾਗਜ਼ ਅਤੇ ਕਲਮ। ਮੈਨੂੰ ਇਕ ਪੁੱਤਰ ਦੀ ਦਾਤ ਲਿਖ ਦਿਓ। ਅੱਗੇ ਵੀ ਤਾਂ ਤੁਸੀਂ ਹੀ ਲਿਖਣੀ ਸੀ। ਜੇ ਉਦੋਂ ਨਹੀਂ ਲਿਖੀ ਤਾਂ ਹੁਣ ਲਿਖ ਦਿਓ।'' ਗੁਰੂ ਜੀ ਕਹਿਣ ਲੱਗੇ, ''ਮਾਈ, ਤੂੰ ਕਿਸੇ ਡਾਢੇ ਦੀ ਪੜ੍ਹਾਈ ਹੋਈ ਆਈ ਏਂ। ਲਿਆ ਫੜਾ ਕਾਗਜ਼ ਅਤੇ ਕਲਮ, ਤੈਨੂੰ ਇਕ ਪੁੱਤਰ ਲਿਖ ਦੇਈਏ।'' ਵਾਹਿਗੁਰੂ।

੬) ਗੁਰੂ ਜੀ ਦਵਾਤ ਵਿਚੋਂ ਟੋਬਾ ਲੈ ਕੇ ਕਾਗਜ਼ ਉਤੇ ਏਕਾ ਪਾਉਣ ਹੀ ਲੱਗੇ ਸਨ ਕਿ ਗੁਰੂ ਜੀ ਦੇ ਘੋੜੇ ਨੇ ਅਗਲਾ ਸੁੰਮ (ਪੈਰ) ਚੁੱਕ ਕੇ ਖੜਾਕੇ ਨਾਲ ਧਰਤੀ ਉਤੇ ਰਖਿਆ ਅਤੇ ਨਾਲ ਹੀ ਨਾਸਾਂ ਫਰੱਕ ਕੇ ਗਰਦਨ ਹਿਲਾ ਦਿਤੀ। ਇਸ ਹਿੱਲ ਜੁੱਲ ਦੇ



www.AKJ.Org

ਕਾਰਨ ਏਕੇ (੧) ਦਾ ਮੂੰਹ ਖੁੱਲ੍ਹਾ ਰਹਿ ਗਿਆ ਅਤੇ ਏਕੇ ਦੀ ਜਗ੍ਹਾ ਸਾਤਾ (੭) ਪੈ ਗਿਆ। ਗੁਰੂ ਜੀ ਕਹਿਣ ਲੱਗੇ, ਮਾਈ ਇਕ ਦੀ ਜਗ੍ਹਾ ਸੱਤ ਲਿਖੇ ਗਏ ਹਨ ਮਾਤਾ ਜੀ ਕਹਿਣ ਲਗੇ, "ਜੀ ਠੀਕ ਹੀ ਲਿਖੇ ਗਏ ਹਨ। ਮੈਨੂੰ ਅਸਲ ਵਿਚ ਸੱਤਾਂ ਦੀ ਹੀ ਲੋੜ ਹੈ।" ਗੁਰੂ ਜੀ ਪਾਸੋਂ ਕਾਗਜ਼ ਫੜ ਕੇ, ਗੁਰੂ ਜੀ ਦੇ ਚਰਨ ਪਰਸਦੀ ਤੇ ਨਿਵ ਨਿਵ ਜੁਹਾਰਾਂ ਕਰਦੀ ਹੋਈ ਮਾਤਾ ਸੁਲੱਖਣੀ ਘਰ ਨੂੰ ਉਡੀ ਆਈ। ਮਾਨੋ ਉਸ ਦਾ ਪੈਰ ਹੀ ਧਰਤੀ ਤੇ ਨਾ ਲੱਗੇ।

੭) ਮਾਤਾ ਜੀ ਦੇ ਘਰ ਸੱਤ ਪੁੱਤਰ ਹੋਏ, ਜਿਨ੍ਹਾਂ ਵਿਚੋਂ ਛੋਟੇ ਚੋਹਾਂ ਪੁੱਤਰਾਂ ਨੇ ਕਲਗੀਧਰ ਪਾਤਸ਼ਾਹ ਜੀ ਦੀ ਫੌਜ ਵਿਚ ਭਾਰੀ ਸੇਵਾ ਕੀਤੀ। ਇਹ ਪ੍ਰਸੰਗ ਤਾਂ ਆਪਾਂ ਸਭੇ ਹੀ ਜਾਣਦੇ ਹਾਂ ਪਰ ਅਸਾਂ ਇਸ ਪ੍ਰਸੰਗ ਦੀ ਗੰਭੀਰਤਾ ਦੀ ਤਹਿ ਤੱਕ ਜਾਣਾ ਹੈ। ਉਹ ਇਹ ਹੈ ਕਿ ਗੁਰੂ ਸਾਹਿਬ ਸਾਰਿਆਂ ਜਾਮਿਆਂ ਵਿਚ ਹੀ ਵਰ ਦੇਂਦੇ ਰਹੇ। ਮਾਤਾ ਸੁਲੱਖਣੀ ਜੀ ਨੂੰ ਲਿਖਤੀ ਰੂਪ ਵਿਚ ਵਰ ਕਿਉਂ ਦਿੱਤਾ ? ਏਕੇ ਅਤੇ ਸਾਤੇ ਵਾਲੀ ਖੇਲ ਕਿਉਂ ਖੇਲੀ ? ਕਿਉਂ ਨਾ ਮਾਤਾ ਜੀ ਨੂੰ ਜ਼ਬਾਨੀ ਹੀ ਵਰ ਦੇ ਦਿੱਤਾ, ਕਿ, "ਤੈਨੂੰ ਇਕ ਪੁੱਤਰ ਬਖਸ਼ਿਆ" ਜਾਂ, "ਅੱਛਾ ਬੀਬੀ, ਤੇਰੇ ਘਰ ਇਕ ਪੁੱਤਰ ਹੋਏਗਾ ?" ਏਨੇ ਨਾਲ ਹੀ ਮਾਤਾ ਸੁਲੱਖਣੀ ਜੀ ਦੀ ਤਸੱਲੀ ਹੋ ਜਾਣੀ ਸੀ। ਪਰ ਇੰਜ ਕੀਤਾ ਨਾ। ਲਿਖੇ ਕੇ ਹੀ ਵਰ ਦਿੱਤਾ। ਅਤੇ ਉਹ ਭੀ ਘੋੜੇ ਦੀ ਹਿਲ ਜੁਲ ਨਾਲ ਇਕ ਦੀ ਥਾਉਂ ਸੱਤ ਲਿਖੇ ਗਏ।

੮) ਅੱਜ ਕਲ੍ਹ ਦੇ ਪੜ੍ਹੇ ਲਿਖੇ ਚਾਤੁਰ ਇਸ ਪ੍ਰਸੰਗ ਬਾਰੇ ਕਈ ਪ੍ਰਕਾਰ ਦੇ ਟੀਕਾ-ਟਿਪਣੀ ਭਰੇ ਵਿਚਾਰ ਪੇਸ਼ ਕਰ ਸਕਦੇ ਹਨ ਅਤੇ ਕਰਦੇ ਭੀ ਹਨ। ਗੁਰਮਤਿ-ਕੋਨ ਤੋਂ ਇਸ ਵਿਸ਼ੇ ਤੇ ਵਿਚਾਰ ਇਸ ਪ੍ਰਕਾਰ ਹੈ :- ਤੱਤ ਖਾਲਸਾ ਜਾਣਦਾ ਹੈ ਕਿ, "ਨਾਨਕਗੁਰੁਗੁਰੂਹੈਪੂਰਾ" (ਪੰਨਾ ੮੮੨)। ਅਤੇ "ਪੂਰੇਕਾਕੀਆਸਭਕਿਛੁਪੂਰਾਘਟਿਵਧਿਕਿਛੁਨਾਹੀ (ਪੰਨਾ ੧੪੧੨)।" ਗੁਰੂ ਜੀ ਦੇ ਲਾਡਲੇ ਸਿੱਖ ਇਹ ਭੀ ਜਾਣਦੇ ਹਨ ਕਿ, "ਕਰਨੈਹਾਰੁਨਭੂਲਨਹਾਰਾ (ਪੰਨਾ ੨੫੩)।" ਜੋ ਗੁਰੂ ਸਾਹਿਬ ਜੀ ਨੇ ਲਿਖਿਆ (ਕਰਤਰੀ-ਵਾਚ) ਜਾਂ ਜੋ ਗੁਰੂ ਸਾਹਿਬ ਜੀ ਪਾਸੋਂ ਲਿਖਿਆ ਗਿਆ (ਕਰਮਨੀ-ਵਾਚ) ਇਕ ਹੀ ਬਾਤ ਹੈ। ਇਸ ਪ੍ਰਸੰਗ ਰਾਹੀਂ ਗੁਰੂ ਸਾਹਿਬ ਜੀ ਨੇ ਜਗਤ ਨੂੰ ਇਹ ਦੱਸਣਾ ਸੀ ਕਿ ਪੂਰੇ ਗੁਰੂ ਦੀ ਸੋਚ ਅਥਵਾ ਕਰਨੀ ਅਟੱਲ ਅਤੇ ਸਤਿ ਹੈ। ਮਾਤਾ ਸੁਲੱਖਣੀ ਜੀ ਦੇ ਘਰ ਪਿਛਲੀ ਉਮਰੇ ਸੱਤ ਪੁੱਤਰਾਂ ਨੇ ਪੈਦਾ ਹੋ ਕੇ ਸਿੱਖ ਇਤਿਹਾਸ ਵਿਚ ਇਹ ਸਬੂਤ ਰੀਕਾਰਡ ਕਰਵਾ ਦਿੱਤਾ ਕਿ ਗੁਰੂ ਸਾਹਿਬ ਜੀ ਨੇ ਜੋ ਕੁਝ ਕੀਤਾ ਜਾਂ ਗੁਰੂ ਸਾਹਿਬ ਜੀ ਨੇ ਜੋ ਕੁਝ ਭੀ ਆਪਣੀ ਮੌਜੂਦਗੀ ਵਿਚ ਕਰਵਾਇਆ) ਉਹੀ ਠੀਕ ਹੈ, ਸਤਿ ਹੈ ਅਤੇ ਹਰਿ ਦਰਗਹਿ ਪਰਵਾਨ ਹੈ। ਅਲਪੱਗ ਜੀਵਾਂ ਦਾ ਚਤੁਰਾਈ-ਅਧੀਨ ਸੋਚਿਆ ਵਿਚਾਰਿਆ ਜਾਂ ਕੀਤਾ ਕਰਤਿਆ ਸਭ ਕੁਝ ਹੀ ਮਨਮਤਿ ਹੈ ਅਤੇ ਹਰਿ-ਦਰਗਹਿ ਅ-ਪਰਵਾਨ ਹੈ।

੯) ਭਾਈ ਗੁਰਦਾਸ ਜੀ, ਮਾਤਾ ਸੁਲੱਖਣੀ ਜੀ, ਕਲਮ, ਦਵਾਤ, ਕਾਗਜ਼, ਸਿਆਹੀ ਅਤੇ ਗੁਰੂ ਜੀ ਦਾ ਘੋੜਾ ਇਹ ਸਾਰੇ, ਉੱਪਰ ਦਰਸਾਈ, ਵਰ ਦੇਣ ਵਾਲੀ ਅਗੰਮੀ ਖੇਡ ਵਿਚ ਕੇਵਲ ਖਿਡਾਰੀ ਹੀ ਸਨ। ਇਸ ਖੇਲ੍ਹ ਰਾਹੀਂ, ਜੋ ਮਾਤਾ ਸੁਲੱਖਣੀ ਨੇ ਇਕ ਪੁੱਤਰ ਦੀ ਮੰਗ ਨਾਲ ਸ਼ੁਰੂ ਕੀਤੀ, ਗੁਰੂ ਸਾਹਿਬ ਜੀ ਨੇ ਸਾਰੇ ਸੰਸਾਰ ਨੂੰ ਲੁਪਤ ਤਰੀਕੇ ਨਾਲ ਦੱਸਿਆ ਹੈ ਕਿ "ਐ ਦੁਨੀਆਂ ਦੇ ਚਾਤਰ ਲੋਕੋ, "ਕਰਨੈਹਾਰੁਨਭੂਲਨਹਾਰਾ (੨੫੩)।" ਗੁਰ-ਕਰਨੀ ਰੱਬੀ ਰਜ਼ਾ ਹੈ, ਇਸ ਲਈ ਪਰਵਾਨ ਹੈ (ਗੁਰਕਰਨੀਪਰਧਾਨ ਹੈ)। ਗੁਰੂ ਕਰਨੀ ਵਿਚ ਗ਼ਲਤੀ ਨਹੀਂ ਹੁੰਦੀ। (ਆਪੇਪਟੀਕਲਮਆਪਿਉਪਰਿਲੇਖੁਭਿਤੂੰ ੧੨੯੧)।

੧੦) ਤਾਹੀਓ ਹੀ ਗੁਰਮਤਿ ਦੀ ਇਸ ਗੁੱਝੀ ਰਮਜ਼ ਨੂੰ ਸਮਝਣ ਵਾਲੇ ਗੁਰਸਿੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰੁ-ਰਚੇ ਪਾਵਨ ਲੜੀਦਾਰ ਸਰੂਪ ਦੇ ਕਾਇਲ ਹਨ। ਉਹ ਸਮਝਦੇ ਹਨ ਕਿ ਪਦ-ਛੇਦ ਸਰੂਪ ਦੀ ਰਚਨਾ ਸਿੱਖਾਂ ਵਲੋਂ ਗੁਰੂ ਸਾਹਿਬ ਜੀ ਦੀ ਪਾਵਨ ਅਤੇ ਪੂਰਨ ਕਰਨੀ ਦੀ ਨੁਕਤਾਚੀਨੀ ਦਾ ਲਿਖਤੀ ਸਬੂਤ ਹੈ। ਗੁਰੂ ਦੇ ਸਿੱਖ ਇਸ ਨੁਕਤਾਚੀਨੀ ਦੀ ਹਾਮੀ ਭਰਨ ਵਿਚ ਆਪਣੀ ਵੋਟ ਨਹੀਂ ਪਾਉਂਦੇ। ਇਕ ਮਨਮਤਿ ਸ਼ੁਰੂ ਕਰਨ ਨਾਲ ਕਈ ਹੋਰ ਢਿਲਿਆਈਆਂ ਸਾਡੇ ਜੀਵਨ ਵਿਚ ਆ ਸਿਰ ਚੁੱਕਦੀਆਂ ਹਨ।

੧੧) ਪੂਰੇ (ਸਰਬੱਗ) ਗੁਰੂ ਨੇ ਆਪਣੀ ਪੂਰੀ ਮਤਿ ਅਨੁਸਾਰ ਅਤੇ ਆਦਿ ਜੁਗਾਦਿ ਅਟੱਲ ਵਿਉਂਤ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਲੜੀਵਾਰ ਸਰੂਪ ਦੀ ਸਾਜਨਾ ਸਾਜੀ। "ਪੂਰਾਗੁਰੁਪੂਰੀਮਤਿਜਾਕੀਪੂਰਨਪ੍ਰਭਕੇਕਾਂਮਾ (ਪੰਨਾ ੬੩੦)।" ਤਾਂ ਫਿਰ



www.AKJ.Org

ਅਸੀਂ ਵੀਹਵੀਂ ਸਦੀ ਦੇ ਅਧੂਰੀ ਮਤਿ ਵਾਲੇ ਅਲਪੱਗ ਜੀਵ ਕਿਸ ਹੀਏ ਨਾਲ ਲੜੀਵਾਰ ਸਰੂਪ ਦੀ ਥਾਉਂ ਪਦ ਛੇਦ ਸਰੂਪਾਂ ਦੇ ਪ੍ਰਕਾਸ਼ ਕਰੀ ਚਲੇ ਜਾ ਰਹੇ ਹਾਂ ? ਯਾਦ ਰਹੇ ਕਿ, 'ਪ੍ਰਭਭਾਣਾਆਪਣਾਭਾਵਦਾ (ਪੰਨਾ ੧੨੫੮) ।'' ਰੱਬ ਨੂੰ ਪਦ-ਛੇਦੀਆਂ ਦਾ ਭਾਣਾ ਨਹੀਂ ਭਾਂਉਂਦਾ । ਮਾਤਾ ਸੁਲੱਖਣੀ ਜੀ ਦੇ ਪ੍ਰਸੰਗ ਤੋਂ ਇਹ ਗੱਲ ਬੜੀ ਸਪੱਸ਼ਟ ਹੈ ਕਿ ਗੁਰੂ ਸਾਹਿਬ ਗ਼ਲਤੀ ਨਹੀਂ ਕਰਦੇ । ਤਾਂ ਫਿਰ ਪਦ-ਛੇਦ ਸਰੂਪਾਂ ਰਾਹੀਂ ਅਸੀਂ ਗੁਰੂ ਸਾਹਿਬ ਜੀ ਦੀ ਕਰਨੀ ਨੂੰ ਗ਼ਲਤ ਸਾਬਤ ਕਰਨ ਦਾ ਪਾਪ ਨਾ ਕਮਾਈਏ । ਕਲਗੀਧਰ ਪਾਤਸ਼ਾਹ ਜੀ ਨੇ ਜੋ ਕੀਤਾ ਹੈ, ਉਸ ਨੂੰ ਸਤਿਕਾਰ ਸਹਿਤ ਮੰਨ ਲਈਏ । ਇਸ ਵਿਚ ਹੀ ਸੁੱਖ ਹੈ । ਨਹੀਂ ਤਾਂ ਸਾਡੀ ਖੇਹ-ਖਰਾਬੀ ਹੀ ਹੋਵੇਗੀ । ਯਥਾ ਗੁਰਵਾਕ : - ਜੋਜੋਕਰੈਸੋਈਮਨਿਲੇਹੁ ॥ ਬਿਨੁਮਾਨੇਰਲਿਹੋਵਹਿਖੇਹ (੮੯੬) ॥'' ਇਸ ਲਈ ਪਦ-ਛੇਦਤਾ ਦੇ ਹਾਮੀਆਂ ਨੂੰ ਸੋਚ ਕੇ, ਆਪਣੇ ਭਲੇ ਲਈ, ਪਦ-ਛੇਦਤਾ ਦੀ ਕੁ-ਰੀਸ ਤਿਆਗ ਦੇਣੀ ਚਾਹੀਦੀ ਹੈ ।

੧੨) ਮਹਿੰਗੀ ਬਾਣੀ ਦਾ ਸ਼ੁੱਧ ਉਚਾਰਨ ਦੱਸਣ ਜਾਂ ਸਿਖਲਾਉਣ ਦਾ ਇਹ ਤਰੀਕਾ ਨਹੀਂ ਕਿ ਸਮੁੱਚੀ ਬਾਣੀ ਹੀ ਪਦ-ਛੇਦ ਕਰਕੇ ਧਰ ਦੇਈਏ । ਗੁਰਬਾਣੀ ਕੋਸ਼ (ਡਿਕਸ਼ਨਰੀ) ਇਸ ਕਾਰਜ ਵਿਚ ਕਾਫੀ ਹੱਦ ਤਕ ਸਹਾਈ ਹੋ ਸਕਦਾ ਹੈ । ਪਦ-ਛੇਦ ਦੇ ਹਾਮੀ ਇਹ ਢੂਚਰ ਡਾਹੁੰਦੇ ਹਨ ਕਿ ''ਲੜੀਦਾਰ ਸਰੂਪ ਤੋਂ ਪਾਠ ਕਰਨਾ ਔਖਾ ਹੈ, ਗਲਤੀਆਂ ਹੁੰਦੀਆਂ ਹਨ, ਬੱਚੇ ਇਸ ਤੋਂ ਪਾਠ ਨਹੀਂ ਕਰ ਸਕਦੇ, ਪਦ-ਛੇਦ ਸਰੂਪ ਤੋਂ ਬੱਚੇ ਪਾਠ ਕਰ ਸਕਦੇ ਹਨ, ਥੋੜੇ ਪੜ੍ਹੇ ਭੀ ਪਾਠ ਕਰ ਸਕਦੇ ਹਨ, ਗਲਤੀਆਂ ਬਿਲਕੁਲ ਨਹੀਂ ਹੁੰਦੀਆਂ, ਜਾਂ ਬਹੁਤ ਘੱਟ ਹੁੰਦੀਆਂ ਹਨ, ਪਾਠ ਨਾ ਕਰਨ ਨਾਲੋਂ ਪਾਠ ਕਰ ਸਕਣਾਂ ਤਾਂ ਚੰਗੀ ਹੈ ਨਾ'', ਇਤਿ ਆਦਿ ।

੧੩) ਇਸ ਖਿਆਲ ਦੇ ਹਾਮੀ ''ਗੁਰਮੁਖਿ ਜੀਵਨੀ'' ਅਤੇ ''ਮਨਮੁਖਿ ਜੀਵਨੀ'' ਵਿਚ ਸ਼ਾਇਦ ਫਰਕ ਨਹੀਂ ਸਮਝਦੇ । 'ਗੁਰਮੁਖਿ ਜੀਵਨੀ ਹੈ' ਗੁਰੂ ਆਸ਼ੇ ਅਨੁਸਾਰੀ ਹੋ ਕੇ ਚਲਣਾ (ਗੁਰੂ ਜੀ ਦੇ ਕੀਤੇ ਦਾ ਸਤਿਕਾਰ ਕਰਨਾ) । 'ਮਨਮੁਖਿ ਜੀਵਨੀ' ਹੈ ਆਪਣੇ ਆਸ਼ੇ ਅਨੁਸਾਰੀ ਹੋ ਕੇ ਚਲਣਾ (ਗੁਰੂ ਜੀ ਦੇ ਕੀਤੇ ਜਾਂ ਕਹੇ ਦੀ ਪਰਵਾਹ ਨਾ ਕਰਨਾ) । ਰੱਬ ਨੂੰ ਤਾਂ ਸਾਰੇ ਹੀ ਯਾਦ ਕਰਦੇ ਹਨ - ਗੁਰਮੁਖਿ ਭੀ ਅਤੇ ਮਨਮੁਖਿ ਭੀ, ਲੜੀਦਾਰ ਸਰੂਪ ਦੇ ਉਪਾਸ਼ਕ ਭੀ ਅਤੇ ਪਦ-ਛੇਦ ਸਰੂਪ ਦੇ ਹਾਮੀ ਭੀ । ਤਾਂ ਫਿਰ ਫ਼ਰਕ ਕਿੱਥੇ ਹੋਇਆ ? ਇਸ ਸਵਾਲ ਦਾ ਉੱਤਰ ਗੁਰੂ ਜੀ ਆਪ ਹੀ ਦੇਂਦੇ ਹਨ :-

ਮਨਮੁਖਹਰਿਹਰਿਕਰਿਥਕੇਮੈਲੁਨਸਕੀਧੋਇ'' (ਪੰਨਾ ੩੯) । ਮਨਮੁੱਖਾਂ ਨੇ ਆਪਣੀ ਚਤੁਰਾਈ ਅਧੀਨ ਰੱਬ ਨੂੰ ਬਥੇਰਾ ਯਾਦ ਕੀਤਾ, ਪਾਠ ਪੂਜਾ ਕੀਤੀ, ਪਰ ਉਨ੍ਹਾਂ ਦੀ ਪਾਪਾਂ ਦੀ ਮੈਲ ਧੁਪਣੋਂ ਰਹਿ ਗਈ ''ਕਬੀਰਰਾਮੈਰਾਮਕਹੁਕਹਿਬੇਮਾਹਿਬਿਬੇਕ। ਏਕੁਅਨੇਕੈਮਿਲਿ ਗਇਆਏਕਸਮਾਨਾਏਕ (੧੩੭੪) ॥'' ਸੱਭੇ ਹੀ ਵਾਹਿਗੁਰੂ ਦਾ ਸਿਮਰਨ ਕਰਦੇ ਹਨ, ਪਰ ਸਿਮਰਨ ਕਰਨ ਵਿਚ ਫਰਕ (ਬਿਬੇਕ) ਹੈ । ਉਹ ਫਰਕ ਕੀ ਹੈ ? ਉਹ ਫਰਕ ਇਹੀ ਹੈ ਕਿ ਮਨਮੁਖਿ ਸਹਸ-ਸਿਆਣਪੀ ਚਤੁਰਾਈਆਂ ਵਿਚ ਰੱਬ ਰੱਬ ਕਰਦਾ ਹੋਇਆ ਚੁਰਾਸੀ ਦੇ ਭੀੜ-ਭੜੱਕੇ ਦੀ ਭਰਮਾਰ ਵਿਚ ਜਾ ਮਿਲਿਆ (ਅਨੇਕੈ ਮਿਲਿ ਗਇਆ) ਭਾਵ, ਕਿ ਚੌਰਾਸੀ ਭੁਗਤਣ ਵਾਲਿਆਂ ਵਿਚ ਜਾ ਰਲਿਆ, ਅਤੇ ਗੁਰਮੁਖਿ (ਗੁਰੂ ਕਰਨੀ ਨੂੰ ਪਰਵਾਨ ਕਰਨ ਵਾਲਾ, ਗੁਰੂ ਅਨੁਸਾਰੀ ਹੋ ਕੇ ਚੱਲਣ ਵਾਲਾ, ਗੁਰੂ ਦੇ ਕੀਤੇ ਦਾ ਸਤਿਕਾਰ ਕਰਨ ਵਾਲਾ) ਰੱਬ ਰੱਬ ਕਰਦਾ ਰੱਬ ਵਿਚ ਜਾ ਮਿਲਿਆ, ਇਕ (ਰੱਬ) ਵਿਚ ਸਮਾ ਗਿਆ (ਸਮਾਨਾ ਏਕ) । ਰੱਬ ਨੂੰ ਤਾਂ ਦੋਹਾਂ ਧੜਿਆਂ ਨੇ ਹੀ ਯਾਦ ਕੀਤਾ, ਪਹਿਲੇ ਧੜੇ ਨੇ ਆਪਣੀ ਚਤੁਰਾਈ ਅਨੁਸਾਰ ਅਤੇ ਦੂਜੇ ਧੜੇ ਨੇ ਗੁਰੂ ਦੀ ਮਤਿ ਅਨੁਸਾਰ (ਗੁਰੂ ਪ੍ਰਾਇਣ ਹੋ ਕੇ) । ਬਸ ਇਹੋ ਫ਼ਰਕ ਹੈ । ''ਗੁਰਮੁਖਿਲਾਧਾ' ਅਤੇ ਮਨਮੁਖਿਗਵਾਇਆ' ਯਥਾ: 'ਗੁਰਮੁਖਿਲਾਹਾਲੈਗਏਮਨਮੁਖਚਲੇਮੂਲੁਗਵਾਇਜੀਉ (ਪੰਨਾ ੭੪) ॥''

ਵੱਲੋਂ :

ਜਥੇਦਾਰ ਭਾਈ ਸਾਹਿਬ ਭਾਈ ਰਾਮ ਸਿੰਘ ਜੀ

ਮੁਖੀ ਅਖੰਡ ਕੀਰਤਨੀ ਜਥਾ



www.AKJ.Org

# ਸਮਾਗਮ ਸਰਗਰਮੀਆਂ

੨੪ ਫਰਵਰੀ ਦਿਨ ਐਤਵਾਰ ਨੂੰ ਦਿਵਸ ਸੁਹੇਲਾ ਕੀਰਤਨ, ਭਾਈ ਸੁਖਚੈਨ ਸਿੰਘ ਪਿੰਡ ਗੁਰੂ ਕੀ ਵਾਡਾਲੀ ਵਿਖੇ ਹੋਣਾ ਹੈ।

****

੩ ਮਾਰਚ ਨੂੰ ਸ਼ਾਮ ਸੋਦਰ ਦੀ ਚੌਕੀ ਤੋਂ ਉਪਰੰਤ ਅਖੰਡ ਕੀਰਤਨ, ਗੁਰਦੁਆਰਾ ਸ੍ਰੀ ਪਿਪਲੀ ਸਾਹਿਬ ਵਿਖੇ ਹੋਣੇ ਹਨ.॥

## "ਹੋਲਾ,ਮਹੱਲਾ-ਖਾਲਸੇ ਦੀ ਜਨਮ ਭੂਮੀ ਸ੍ਰੀ ਅਨੰਦਪੁਰ ਸਾਹਿਬ ਵਿਖੇ"

**੨੮ ਮਾਰਚ** : ਦਿਵਸ ਸੁਹੇਲਾ ਕੀਰਤਨ-ਕਿਲ੍ਹਾ ਅਨੰਦਗੜ੍ਹ ਵਿਖੇ ਸਵੇਰੇ ੭ ਵਜੇ ਤੋਂ ਦੁਪਹਿਰ ਇਕ ਵਜੇ ਤਕ

**੨੮ ਮਾਰਚ ਅਰੰਭ** : ਅਖੰਡ ਕੀਰਤਨ, ਸੋਦਰ ਦੀ ਚੌਕੀ ਤੋਂ ਉਪਰੰਤ

**੨੯ ਮਾਰਚ ਭੋਗ (ਸਵੇਰੇ)** ਤਖਤ ਸ੍ਰੀ ਕੇਸ ਗੜ੍ਹ ਵਿਖੇ ਹਜ਼ੂਰੀ ਵਿਚ ਹੋਣੇ ਹਨ।

**ਰਹਾਇਸ਼ ਅਤੇ ਲੰਗਰ ਦਾ ਪ੍ਰਬੰਧ ਮਾਤਾ ਗੁਜਰੀ ਨਿਵਾਸ ॥**

**ਪੁਛਗਿਛ** ਮੈਨੇਜਰ ਤਖਤ ਸ੍ਰੀ ਕੇਸ ਗੜ੍ਹ ਸਾਹਿਬ, ਅਨੰਦਪੁਰ ਸਾਹਿਬ ॥
ਹੈਡ-ਕੁਆਰਟਰ ਅਖੰਡ ਕੀਰਤਨੀ ਜਥਾ ੫੪੬੩੨੦, ੨੨੭੮੬੫, ੫੬੪੯੪੪, ੫੬੩੫੧੨, (੦੧੮੩) ੦੧੮੫੨-੨੩੬੨੪

****

## ਖਾਲਸਾ ਪੰਥ ਦਾ ਸਾਜਨਾ ਦਿਵਸ ਵੈਸਾਖੀ ਗੁਰਪੁਰਬ-੨੦੦੨ ਸ੍ਰੀ ਅੰਮ੍ਰਿਤਸਰ ਵਿਖੇ

**੧੧ ਅਪ੍ਰੈਲ** : ਤ੍ਰਿਪਹਿਰਾ ਅਤੇ ਚੌਕੀ ਸ੍ਰੀ ਆਸਾ ਜੀ ਦੀ ਵਾਰ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ। ਉਪਰੰਤ ਅਰੰਭ ਸ੍ਰੀ ਅਖੰਡ ਪਾਠ, ਸ਼ਹੀਦ ਗੰਜ ਖਾਲਸਾ ਮੈਮੋਰੀਅਲ ਸਕੂਲ, ਰੇਲਵੇ ਕਾਲੋਨੀ ਬੀ ਬਲਾਕ, ਹੈਡ ਕੁਆਰਟਰ ਅਖੰਡ ਕੀਰਤਨੀ ਜਥਾ ਅੰਮ੍ਰਿਤਸਰ।

**੧੧ ਅਪ੍ਰੈਲ** : ਸ਼ਾਮੀ ਸੋਦਰ ਦੀ ਚੌਕੀ ਸਚਖੰਡ ਸ੍ਰੀ ਹਰਿਮੰਦਰ ਸਾਹਿਬ।

**੧੨ ਅਪ੍ਰੈਲ** : ਤ੍ਰਿਪਹਿਰਾ ਅਤੇ ਸ੍ਰੀ ਆਸਾ ਜੀ ਦੀ ਵਾਰ, ਸਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ।

**੧੩ ਅਪ੍ਰੈਲ** : ਅਖੰਡ ਪਾਠ ਦਾ ਭੋਗ ਸਵੇਰੇ ੬ ਵਜੇ ਸ਼ਹੀਦ ਗੰਜ ਖਾਲਸਾ ਮੈਮੋਰੀਅਲ ਸਕੂਲ ਉਪਰੰਤ ਦਿਵਸ ਸੁਹੇਲਾ ਕੀਰਤਨ ਗੁਰਦੁਆਰਾ ਸ੍ਰੀ ਪਿਪਲੀ ਸਾਹਿਬ (ਪੁਤਲੀਘਰ) ਅੰਮ੍ਰਿਤਸਰ ਸਵੇਰੇ ੭ ਵਜੇ ਤੋ ਬਾਅਦ ਦੁਪਹਿਰ ਤਕ।



www.AKJ.Org

੧੩ ਅਪ੍ਰੈਲ : ਰੈਣਿ ਸਬਾਈ ਕੀਰਤਨ ਗੁਰਦੁਆਰਾ ਸ੍ਰੀ ਮੰਜੀ ਸਾਹਿਬ (ਦਰਬਾਰ ਸਾਹਿਬ ਕੰਪਲੈਕਸ) ਵਿਖੇ, ਸੋਦਰ ਦੀ ਚੌਂਕੀ ਤੋਂ ਉਪਰੰਤ ਅਰੰਭ

੧੪ ਅਪ੍ਰੈਲ : ਭੋਗ ਰੈਣ ਸਬਾਈ ਅੰਮ੍ਰਿਤ ਵੇਲੇ ਕਰੀਬ ੪ ਵਜੇ ॥

ਅੰਮ੍ਰਿਤ ਸੰਚਾਰ (ੳ) ਸ਼ਹੀਦ ਗੰਜ ਖਾਲਸਾ ਮੈਮੋਰੀਅਲ ਸਕੂਲ ਵਿਖੇ ੧੩ ਅਪ੍ਰੈਲ ਵੈਸਾਖੀ ਵਾਲੇ ਦਿਨ ਸਵੇਰੇ ੮ ਵਜੇ ਅਰੰਭ ਹੋਵਗਾ। ਅਭਿਲਾਖੀ ਜਨ ਵੇਲੇ ਸਿਰ ਪੁਜਣ ਦੀ ਕ੍ਰਿਪਾ ਕਰਨ।

(ਅ) ਲੰਗਰ ਅਤੇ ਰਹਇਸ਼ ਦਾ ਸਮੁਚਾ ਪ੍ਰਬੰਧ ਸ਼ਹੀਦ ਗੰਜ ਖਾਲਸਾ ਮੈਮੋਰੀਅਲ ਸਕੂਲ ਹੈਡ-ਕੁਆਰਟਰ, ਅਖੰਡ ਕੀਰਤਨੀ ਜਥਾ ਵਿਖੇ ਹੀ ਹੋਵੇਗਾ। ਰੈਣਿ ਸਬਾਈ ਤੇ ਸਿਧੇ ਪੁਜਣ ਵਾਲੀਆਂ ਸੰਗਤਾਂ ਲਈ ਮੰਜੀ ਹਾਲ ਤੋਂ ਸਕੂਲ ਤਕ ਲਿਜਾਣ ਅਤੇ ਲਿਆਉਣ ਲਈ ਬੱਸਾਂ ਦਾ ਪ੍ਰਬੰਧ ਹੋਵੇਗਾ।

(ਜਥੇਦਾਰ ਭਾਈ ਸਾਹਿਬ ਭਾਈ ਰਾਮ ਸਿੰਘ ਮੁਖੀ ਅਖੰਡ ਕੀਰਤਨੀ ਜਥਾ ਸੰਗਤਾਂ ਦੀ ਰਾਇ ਮੁਤਾਬਕ ਪ੍ਰੋਗਰਾਮ ਵਿਚ ਤਬਦੀਲੀ ਕਰ ਸਕਦੇ ਹਨ)

ਪੁਛਗਿਛ : ਹੈਡ ਕੁਆਰਟਰ ਅਖੰਡ ਕੀਰਤਨੀ ਜਥਾ ਫੋਨ-੫੪੬੩੨੦,੨੨੭੮੬੫, ੫੬੪੯੪੪, ੫੬੩੫੧੨(੦੧੮੩)

ਨੋਟ : ਅਖੰਡ ਕੀਰਤਨੀ ਜਥੇ ਦੇ ਸਤਿਕਾਰਯੋਗ ਮੈਂਬਰਾਂ ਨੂੰ ਬਿਨੈ ਹੈ ਕਿ ਹੋਲਾ ਮਹੱਲਾ ਅਤੇ ਵੈਸਾਖੀ ਦੇ ਪੁਰਬ ਦੇ ਬਰਾਬਰ ਦੀਆਂ ਤਾਰੀਖਾਂ ਵਿਚ ਕੋਈ ਹੋਰ ਸਮਾਗਮ ਨਾਂ ਰੱਖਣ ਅਤੇ ਹੁੰਮ ਹੁੰਮਾ ਕੇ ਉਕਤ ਸਮਾਗਮ ਵਿਚ ਹਾਜਰੀਆਂ ਭਰਨ ॥

ਸਹੀ/-

**(ਜਥੇਦਾਰ ਅਖੰਡ ਕੀਰਤਨੀ ਜਥਾ)**

---

# ਬਾਣੀ ਤੇ ਬਾਣਾ

ਸਿੱਖੀ ਮਹੱਲ ਦੇ ਦੋ ਥੰਮ ਹਨ - ਬਾਣੀ ਅਤੇ ਬਾਣਾ। ਬਾਣੀ ਸਿੱਖੀ ਦੀ ਰੂਹ ਹੈ ਅਤੇ ਬਾਣਾ ਸਿੱਖੀ ਦਾ ਸਰੀਰ ਹੈ। ਸਰੀਰ ਨੂੰ ਆਤਮਾ ਦੀ ਲੋੜ ਹੈ ਅਤੇ ਆਤਮਾ ਨੂੰ ਸਰੀਰ ਦੀ। ਬਾਣੀ ਦਾ ਸਬੰਧ ਮਨ ਨਾਲ ਅਤੇ ਬਣੇ ਦਾ ਸਬੰਧ ਤਨ ਨਾਲ ਹੈ। ਸਤਿਗੁਰਾਂ ਨੇ ਆਪਣੇ ਸਿੱਖਾਂ ਲਈ ਦੋ ਤਰ੍ਹਾਂ ਦੀ ਅੰਦਰਲੀ ਤੇ ਬਾਹਰਲੀ ਰਹਿਤ ਨਿਸ਼ਚਿਤ ਕਰ ਦਿੱਤੀ ਮਨੁੱਖ ਨੂੰ ਅੰਦਰੋਂ ਤੇ ਬਾਹਰੋਂ ਨਿਰਮਲ ਹੋਣ ਲਈ ਪ੍ਰੇਰਿਆ ਹੈ :

ਇਹ ਜ਼ਰੂਰੀ ਹੈ ਕਿ ਹਰ ਗੁਰਸਿੱਖ ਆਪਣੇ ਗੁਰੂਆਂ ਦੁਆਰਾ ਦਿੱਤੀ ਰਹਿਤ-ਮਰਯਾਦਾ ਅਨੁਸਾਰ ਆਪਣਾ ਜੀਵਨ ਬਤੀਤ ਕਰੇ। ਜਿਹੜਾ ਗੁਰਸਿੱਖ ਆਪਣੇ ਗੁਰੂ ਦੀ ਆਗਿਆ ਨਹੀਂ ਮੰਨਦਾ ਉਹ ਖੁਆਰ ਹੁੰਦਾ ਹੈ।

ਜਿਹੜੇ ਗੁਰਸਿੱਖ ਆਪਣੇ ਗੁਰੂ ਦੀ ਆਗਿਆ ਨੂੰ ਪਰਮ ਧਰਮ ਮੰਨਦੇ ਹਨ। ਉਹਨਾਂ ਬਾਰੇ ਇਹ ਫੁਰਮਾਨ ਹੈ।

**ਕੁਰਬਾਣੀ ਤਿਨਾ ਗੁਰਸਿਖਾਂ ਪਿਛਲੀ ਰਾਤੀ ਉਠਿ ਬਹੰਦੇ ॥**
**ਕੁਰਬਾਣੀ ਤਿਨਾ ਗੁਰਸਿਖਾਂ ਅੰਮ੍ਰਿਤ ਵੇਲੇ ਸਰਿ ਨਾਵੰਦੇ ॥**

**(ਭਾਈ ਗੁਰਦਾਸ ਜੀ)**

ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਨੌਂ ਗੁਰੂ ਸਾਹਿਬਾਨ ਨੇ ਸਿੱਖ ਦੀ ਅੰਦਰਲੀ ਰਹਿਤ ਨੂੰ ਮਜ਼ਬੂਤ ਕਰਨ ਜ਼ੋਰ ਦਿੱਤਾ ਹੈ। ਸਿੱਖਾਂ ਦੀ ਅੰਦਰਲੀ ਰਹਿਤ ਦ੍ਰਿੜ ਹੋ ਜਾਣ ਉਪਰੰਤ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਵਿਚ ਬਾਹਰਲੀ ਰਹਿਤ (ਬਾਣਾ) ਵਿਚ ਤਬਦੀਲੀ ਲਿਆਂਦੀ। ਇਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਨੇ ਕਈਆਂ ਨੂੰ ਗਿਦੜੋਂ ਸ਼ੇਰ ਬਣਾ ਦਿੱਤਾ। ਜੋ ਮਨੁੱਖ ਬਾਣੀ ਅਤੇ ਬਾਣਾ ਦੋਹਾਂ ਪਾਸਿਉਂ ਮਜ਼ਬੂਤ ਹੋ ਜਾਂਦੇ ਹਨ ਉਹਨਾਂ ਦਾ ਇਸ ਜਗਤ ਵਿੱਚ ਆਉਣਾ ਸਫਲ ਹੋ ਜਾਂਦਾ ਹੈ।

**ਕੁਲਜੀਤ ਸਿੰਘ**



www.AKJ.Org

# ਖ਼ਬਰਨਾਮਾ

## ਗੁਰੂ ਨਾਨਕ ਸਾਹਿਬ ਰਚਿਤ 'ਓਅੰਕਾਰੁ' ਬਾਣੀ ਬਾਰੇ ਸੈਮੀਨਾਰ

ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਗੁਰੂ ਨਾਨਕ ਅਧਿਐਨ ਵਿਭਾਗ ਵੱਲੋਂ ਗੁਰੂ ਨਾਨਕ ਸਾਹਿਬ ਦੀ ਰਚਿਤ 'ਓਅੰਕਾਰ' ਬਾਣੀ ਦੇ ਬਹੁਪੱਖੀ ਅਧਿਐਨ ਬਾਰੇ ਸੈਮੀਨਾਰ ਵਿਚ ਇਸ ਬਾਣੀ ਦੇ ਵੱਖ ਵੱਖ ਪੱਖਾਂ ਉਪਰ ਤੀਹ ਦੇ ਕਰੀਬ ਪਰਚੇ ਪੜ੍ਹੇ ਗਏ ।

ਸੈਮੀਨਾਰ ਦਾ ਉਦਘਾਟਨ ਸ਼੍ਰੋਮਣੀ ਸਾਹਿਤਕਾਰ ਪ੍ਰਿੰ: ਨਰਿੰਦਰ ਸਿੰਘ ਸੋਚ ਨੇ ਕੀਤਾ ਅਤੇ ਉੱਘੇ ਸਿੱਖ ਵਿਦਵਾਨ ਡਾ: ਦਰਸ਼ਨ ਸਿੰਘ ਚੰਡੀਗੜ੍ਹ ਨੇ ਪ੍ਰਧਾਨਗੀ ਕੀਤੀ । ਵਾਈਸ ਚਾਂਸਲਰ ਡਾ: ਐਸ: ਪੀ: ਸਿੰਘ ਨੇ ਸੈਮੀਨਾਰ 'ਚ ਸ਼ਾਮਲ ਮਹਿਮਾਨਾਂ, ਵਿਦਵਾਨਾਂ ਤੇ ਡੈਲੀਗੇਟਾਂ ਨੂੰ 'ਜੀ ਆਇਆਂ' ਕਿਹਾ ।

## ਪੰਥਕ ਮਾਮਲਿਆਂ ਦੇ ਹੱਲ ਲਈ ਸ਼੍ਰੋਮਣੀ ਕਮੇਟੀ ਅੰਤਰਰਾਸ਼ਟਰੀ ਸਲਾਹਕਾਰ ਕੌਂਸਲ ਕਾਇਮ ਕਰੇਗੀ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪ੍ਰਵਾਨਿਤ ਸਿੱਖ ਮਰਯਾਦਾ ਉਪਰ ਪਹਿਰਾ ਦੇਣ ਵਾਲੀਆਂ ਅਤੇ ਪੰਥਕ ਸੇਵਾ ਵਿਚ ਜੁਟੀਆਂ ਸਮੂਹ ਧਾਰਮਕ ਜਥੇਬੰਦੀਆਂ, ਸਿੱਖ ਸੰਪਰਦਾਵਾਂ, ਨਿਹੰਗ ਸਿੰਘ ਜਥੇਬੰਦੀਆਂ, ਸੰਤਾਂ-ਮਹਾਂਪੁਰਸ਼ਾਂ, ਮਿਸ਼ਨਰੀ ਕਾਲਜਾਂ ਅਤੇ ਹੋਰ ਸਿੱਖ ਸੰਸਥਾਵਾਂ ਨੂੰ ਪੰਥਕ ਸ਼ਕਤੀ ਨੂੰ ਹੋਰ ਮਜ਼ਬੂਤ ਕਰਨ ਲਈ ਸਾਥ ਦੇਣ ਦਾ ਸੱਦਾ ਦਿੰਦਿਆਂ ਪੂਰਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ ਹੈ । ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਕਿਰਪਾਲ ਸਿੰਘ ਬਡੂੰਗਰ ਦੀ ਪ੍ਰਧਾਨਗੀ ਹੇਠ ਚੰਡੀਗੜ੍ਹ ਵਿਖੇ ਹੋਈ ਧਰਮ ਪ੍ਰਚਾਰ ਕਮੇਟੀ ਦੀ ਇਕੱਤਰਤਾ ਨੇ ਉਕਤ ਫੈਸਲਾ ਕਰਨ ਤੋਂ ਇਲਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸਮੁੱਚੇ ਪੰਥ ਦੀ ਆਵਾਜ਼ ਬਣਾਉਣ ਲਈ ਅਤੇ ਪੰਥਕ ਮਾਮਲਿਆਂ ਨੂੰ ਸੁਚੱਜੇ ਅਤੇ ਵਧੇਰੇ ਅਸਰਦਾਰ ਢੰਗ ਨਾਲ ਨਜਿੱਠਣ ਲਈ ਇਕ ਅੰਤਰਰਾਸ਼ਟਰੀ ਸਲਾਹਕਾਰ ਕੌਂਸਲ ਕਾਇਮ ਕਰਨ ਦੇ ਫੈਸਲੇ ਨੂੰ ਪ੍ਰਵਾਨਗੀ ਦਿੱਤੀ ਹੈ ।

ਉਹਨਾਂ ਦਸਿਆ ਕਿ ਇਸ ਅੰਤਰਰਾਸ਼ਟਰੀ ਸਲਾਹਕਾਰ ਕੌਂਸਲ ਵਿਚ ਸਮੂਹ ਖਿੱਤਿਆ ਨੂੰ ਪ੍ਰਤੀਨਿਧਤਾ ਦਿੱਤੀ ਜਾਵੇਗੀ, ਜਿਸ ਵਿਚ ਧਾਰਮਕ, ਵਿਦਿਅਕ, ਸੁਰੱਖਿਆ, ਕਾਨੂੰਨ, ਆਰਥਕ, ਸਮਾਜਕ, ਸਾਹਿਤਕ ਵਿਦਵਾਨ ਸ਼ਾਮਲ ਕੀਤੇ ਜਾਣਗੇ ਜੋ ਅੰਤਰਰਾਸ਼ਟਰੀ ਸਮੱਸਿਆਵਾਂ ਸੰਬੰਧੀ ਸਲਾਹ ਦੇ ਸਕਣ । ਇਹ ਸਲਾਹਕਾਰ ਕੌਂਸਲ ਨਿਰੋਲ ਗੈਰ-ਰਾਜਨੀਤਕ ਹੋਵੇਗੀ ਅਤੇ ਇਸ ਵਿਚ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਪ੍ਰਬੰਧਕ ਕਮੇਟੀ - ਬਿਹਾਰ, ਤਖਤ ਸਚਖੰਡ ਸ੍ਰੀ ਹਜ਼ੂਰ ਸਾਹਿਬ ਨਦੇੜ-ਮਹਾਰਾਸ਼ਟਰ, ਚੀਫ ਖਾਲਸਾ ਦੀਵਾਨ, ਇੰਸਟੀਚਿਊਟ ਆਫ ਸਿੱਖ ਸਟੱਡੀਜ਼ ਚੰਡੀਗੜ੍ਹ, ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਲਧਿਆਣਾ, ਪੰਜਾਬ, ਹਰਿਆਣਾ, ਦਿੱਲੀ, ਬਾਕੀ ਭਾਰਤ, ਅਮਰੀਕਾ, ਕੈਨੇਡਾ, ਇੰਗਲੈਂਡ ਯੂਰੀ ਮੱਧ ਪੂਰਬੀ ਦੇਸ਼, ਪਾਕਿਸਤਾਨ, ਸਿੰਘਾਪੁਰ, ਮਲੇਸ਼ੀਆ, ਆਸਟਰੇਲੀਆ, ਨਿਊਜੀਲੈਂਡ, ਅਫਰੀਕਾ, ਰੂਸ, ਥਾਈਲੈਂਡ, ਚੀਨ, ਜਪਾਨ ਦੇ ਮੈਂਬਰਾਂ ਦੀ ਨਾਮਜ਼ਦਗੀ ਕੀਤੀ ਜਾਵੇਗੀ ।



www.AKJ.Org

## ਰੇਲਵੇ ਵਿਭਾਗ ਵਲੋਂ ਸਿਗਰਟ ਪੀਣ 'ਤੇ ਪਾਬੰਦੀ

ਰੇਲਵੇ ਵਿਭਾਗ ਨੇ ਰੇਲ ਗੱਡੀਆ, ਰੇਲਵੇ, ਸਟੇਸ਼ਨਾਂ ਅਤੇ ਸਾਰੇ ਰੇਲਵੇ ਦਫ਼ਤਰਾਂ ਵਿਚ ਸਿਗਰਟ ਪੀਣ 'ਤੇ ਪਾਬੰਦੀ ਲਾਉਣ ਦਾ ਫੈਸਲਾ ਕੀਤਾ ਹੈ।

ਇਹ ਜਾਣਕਾਰੀ ਰੇਲਵੇ ਅਧਿਕਾਰੀਆਂ ਨੇ ਪ੍ਰੈਸ ਨੂੰ ਜਾਰੀ ਨੋਟ ਵਿਚ ਦਿੱਤੀ। ਉਹਨਾਂ ਦੱਸਿਆ ਕਿ ਰੇਲਵੇ ਨਾਲ ਸੰਬਧਿਤ ਕਿਸੇ ਵੀ ਖੇਤਰ ਵਿਚ ਸਿਗਰਟ ਪੀਣ ਦੀ ਇਜਾਜ਼ਤ ਨਹੀਂ ਹੋਵੇਗੀ ਤੇ ਜੇਕਰ ਕੋਈ ਇਸ ਫੈਸ਼ਲੇ ਦੀ ਉਲੰਘਣਾ ਕਰੇਗਾ ਤਾਂ ਉਸ ਨੂੰ ੧੦੦ ਰੁਪਏ ਜੁਰਮਾਨਾ ਕੀਤਾ ਜਾਵੇਗਾ।

## ਸਹਿਜਧਾਰੀ ਸਿੱਖਾਂ ਵਿਰੁੱਧ ਪਟੀਸ਼ਨ ਸਵੀਕਾਰ

ਸਹਿਜਧਾਰੀ ਸਿੱਖਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ 'ਚ ਵੋਟ ਪਾਉਣ ਦੇ ਅਧਿਕਾਰ ਵਿਰੁੱਧ ਪਾਈ ਗਈ ਪਟੀਸ਼ਨ ਨੂੰ ਪੰਜਾਬ ਤੇ ਹਰਿਆਣਾ ਹਾਈਕੋਰਟ ਵੱਲੋਂ ਸਵੀਕਾਰ ਕਰ ਲਿਆ ਗਿਆ ਹੈ। ਹਰਿਆਣਾ ਦੇ ਫਤਿਹਾਬਾਦ ਜ਼ਿਲ੍ਹੇ ਦੇ ਪਿੰਡ ਢੇਰ ਦੇ ਸ਼੍ਰੋਮਣੀ ਕਮੇਟੀ ਮੈਂਬਰ ਸ: ਭਰਪੂਰ ਸਿੰਘ ਨੇ ਪਟੀਸ਼ਨ ਦਾਇਰ ਕੀਤਿਆਂ ਮੰਗ ਕੀਤੀ ਸੀ ਕਿ ਸਿੱਖ ਗੁਰਦੁਆਰਾ ਐਕਟ ੧੯੫੯ ਦੇ ਸੈਕਸ਼ਨ ੨ (ਕਲਾਸ ੧੦ ਏ) ਨੂੰ ਮਨਸੂਖ ਕਰ ਦਿੱਤਾ ਜਾਵੇ ਕਿਉਂਕਿ ਇਸ ਸੈਕਸ਼ਨ ਮੁਤਾਬਕ ਸਹਿਜਧਾਰੀ ਸਿੱਖਾਂ ਨੂੰ ਕਮੇਟੀ ਦੀਆਂ ਚੋਣਾਂ 'ਚ ਵੋਟ ਪਾਉਣ ਦਾ ਅਧਿਕਾਰ ਦੇਣ ਸੰਬੰਧੀ ਕੀਤਾ ਗਿਆ ਫੈਸਲਾ ਭਾਰਤੀ ਸੰਵਿਧਾਨ ਦੇ ਆਰਟੀਕਲ ੨੬ ਦੀ ਉਲੰਘਣਾ ਹੈ।

## ਗ੍ਰਹਿ ਮੰਤਰੀ ਨੂੰ ਪੱਤਰ ਲਿਖ ਕੇ ਸਿੱਖ ਮਸਲਿਆਂ ਤੋਂ ਜਾਣੂ ਕਰਵਾਇਆ

ਸ਼੍ਰੋਮਣੀ ਕਮੇਟੀ ਵੱਲੋਂ ਭਾਰਤ ਦੇ ਗ੍ਰਹਿ ਮੰਤਰੀ ਸ੍ਰੀ ਲਾਲ ਕ੍ਰਿਸ਼ਨ ਅਡਵਾਨੀ ਨੂੰ ਇਕ ਪੱਤਰ ਰਾਹੀਂ ਕੁਝ ਸਿੱਖ ਮਸਲਿਆਂ ਵੱਲ ਉਚੇਚਾ ਧਿਆਨ ਦੇਣ ਦੀ ਅਪੀਲ ਕੀਤੀ ਹੀ। ਇਨ੍ਹਾਂ ਸਿੱਖ ਮਸਲਿਆਂ ਵਿਚ ਸਿੱਖ ਰੈਫਰੰਸ ਲਇਬ੍ਰੇਰੀ ਦੀਆਂ ਸਾਕਾ ਨੀਲਾ ਤਾਰਾ ਸਮੇਂ ਚੁੱਕੀਆਂ ਬਹੁਮੁੱਲੀਆਂ ਕਿਤਾਬਾਂ, ਗਲਿਆਰਾ ਯੋਜਨਾ ਦਾ ਹੁਣ ਤਕ ਨਾ ਮੁਕੰਮਲ ਹੋਣਾ, ਹਿਮਾਚਲ ਵਿਚ ਪੰਜਾਬੀ ਭਾਸ਼ਾ ਨਾਲ ਵਿਤਕਰਾ, ਲਖਨਊ ਵਿਚ ਸਿੱਖਾਂ 'ਤੇ ਵਿਸ਼ੇਸ਼ ਨਜ਼ਰ ਰੱਖਣ ਦੀ ਹਿਦਾਇਤ ਵਾਲੀ ਘਟਨਾ, ਅੰਮ੍ਰਿਤਸਰ-ਜਲੰਧਰ ਦੇ ਕੌਮੀ ਸ਼ਾਹੀ ਮਾਰਗ ਨੂੰ ਚਾਰ ਮਾਰਗੀ ਸੜਕ ਬਣਾਉਣ ਬਾਰੇ, ਸਮੇਤ ਕਈ ਹੋਰ ਮਾਮਲੇ ਸ਼ਾਮਲ ਹਨ। ਤਿੰਨ ਸਫਿਆਂ ਦੇ ਪੱਤਰ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋ: ਕਿਰਪਾਲ ਸਿੰਘ ਬਡੂੰਗਰ ਨੇ ਗ੍ਰਹਿ ਮੰਤਰੀ ਸ੍ਰੀ ਲਾਲ ਕ੍ਰਿਸ਼ਨ ਅਡਵਾਨੀ ਨੂੰ ਦੱਸਿਆ ਕਿ ਇਨ੍ਹਾਂ ਮੁੱਦਿਆਂ ਬਾਰੇ ਕੇਂਦਰ ਸਰਕਾਰ ਨੂੰ ਤੁਰੰਤ ਧਿਆਨ ਦੇਣਾ ਚਾਹੀਦਾ ਹੈ।

## ਯੂ ਪੀ ਸਿੱਖ ਮਿਸ਼ਨ ਹਾਪੁੜ ਵੱਲੋਂ ਗ੍ਰੰਥੀ, ਪਾਠੀ ਸਿੰਘਾਂ ਦਾ ਟ੍ਰੇਨਿੰਗ ਕੈਂਪ

ਯੂ ਪੀ ਸਿੱਖ ਮਿਸ਼ਨ, ਹਾਪੁੜ ਵੱਲੋਂ ਮਿਤੀ ੨੫-੧੦-੨੦੦੧ ਨੂੰ ਰਾਮਪੁਰ ਵਿਖੇ ਗੁਰਮਤਿ ਟਰੇਨਿੰਗ ਕੈਂਪ ਦੀ ਸ਼ੁਰੂਆਤ ਕੀਤੀ ਗਈ। ਇਹ ਕੈਂਪ ੨੦-੧੧-੦੧ ਨੂੰ ਦੁਪਹਿਰ ੩ ਵਜੇ ਸਮਾਪਤ ਹੋਇਆ। ਕੈਂਪ ਦੇ ਦੌਰਾਨ ਗ੍ਰੰਥੀ, ਪਾਠੀ ਸਿੰਘਾਂ ਦੀ ਗਿਣਤੀ ੧੪੦ ਦੇ ਕਰੀਬ ਰਹੀ। ਕੈਂਪ ਦੌਰਾਨ ਭਾਈ ਰਘਬੀਰ ਸਿੰਘ ਪ੍ਰਚਾਰਕ ਨੇ ਸਿੱਖ ਰਹਿਤ ਮਰਯਾਦਾ ਬਾਰੇ ਚਾਨਣਾ ਪਾਇਆ, ਭਾਈ ਹਰਪਾਲ ਸਿੰਘ ਪ੍ਰਚਾਰਕ ਅਤੇ ਭਾਈ ਪਰਮਿੰਦਰ ਸਿੰਘ ਪ੍ਰਚਾਰਕ ਨੇ ਸੰਗਤਾਂ ਨੂੰ ਸਿੱਖ ਇਤਿਹਾਸ ਬਾਰੇ ਅਤੇ ਗੁਰਬਾਣੀ ਸ਼ੁੱਧ ਉਚਾਰਨ ਬਾਰੇ ਵਿਦਵਤਾ ਭਰਪੂਰ ਜਾਣਕਾਰੀ ਦਿੱਤੀ। ਭਾਈ ਵਿਰਸਾ ਸਿੰਘ ਰਾਗੀ ਦੇ ਜਥੇ ਨੇ ਤਿੰਨੇ ਦਿਨ ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ।



www.AKJ.Org

**ਸੂਰਾ ਵਾਸਤੇ ਚੰਦੇ ਤੇ ਹੋਰ ਰਕਮਾਂ ਹੇਠ ਲਿਖੀਆਂ ਥਾਵਾਂ ਤੇ ਜਮ੍ਹਾਂ ਕਰਵਾ ਕੇ ਰਸੀਦ ਲਓ ਜੀ !**

# ਸ਼ਹੀਦ ਗੰਜ ਖ਼ਾਲਸਾ ਮੈਮੋਰੀਅਲ ਸਕੂਲ

**ਹੈੱਡ ਕੁਆਰਟਰ,ਅਖੰਡ ਕੀਰਤਨੀ ਜੱਥਾ, ਰੇਲਵੇ ਕਾਲੋਨੀ, ਬੀ-ਬਲਾਕ, ਅੰਮ੍ਰਿਤਸਰ । ਫੋਨ : 546320**

| | | |
|---|---|---|
| ਸਰਕੂਲੇਸ਼ਨ | : | 1. ਮੁੱਖ ਇੰਚਾਰਜ, ਭਾਈ ਅਜੀਤ ਸਿੰਘ, ਵਿਯੋਗੀ ਨਿਕੇਤਨ, ਗ਼ਲੀ ਨੰ: 7, ਫੀਲਡ ਗੰਜ, ਲੁਧਿਆਣਾ |
| ਦਫ: ਲੁਧਿਆਣਾ | : | ਫੋਨ : 662655 |
| ਫਗਵਾੜਾ | : | ਮਾਸਟਰ ਗੁਰਦਿਆਲ ਸਿੰਘ ਜੀ, ਵਿਸ਼ਵਕਰਮਾ ਕਲੋਨੀ, ਵਿਸ਼ਕਰਮਾ ਮੰਦਰ, ਬੰਗਾ ਰੋਡ, ਫਗਵਾੜਾ । ਫੋਨ : 69307 |
| ਚੰਡੀਗੜ੍ਹ-ਮੋਹਾਲੀ | : | ਭਾ: ਗੁਰਚਰਨ ਸਿੰਘ ਮਕਾ: ਨੰ: 236, ਵਾਰਡ ਨੰ: 1, ਚੰਡੀਗੜ੍ਹ ਰੋਡ, ਖਰੜ । ਖਰੜ ਮੁਰਿੰਡਾ ਫੋਨ ਨੰ: 01888-46036 |
| ਕਪੂਰਥਲਾ | : | ਬੀਬੀ ਜਸਵਿੰਦਰ ਕੌਰ ਜੀ, ਮੁੱਖ ਸੇਵਾਦਾਰ ਕਪੂਰਥਲਾ, ਪਿੰਡ ਧਾਲੀਵਾਲ ਬੇਟ ਕਪੂਰਥਲਾ । |
| ਮੁਕਤਸਰ | : | ਮਾਸਟਰ ਮਹਿੰਦਰ ਸਿੰਘ ਜੀ, ਮੁੱਖ ਸੇਵਾਦਾਰ, ਮੁੱਕਤਸਰ । ਸਰਕੂਲੇਸ਼ਨ ਇੰਚਾਰਜ਼ ਮਾਲਵਾ ਜ਼ੋਨ । |
| ਪਠਾਨਕੋਟ | : | ਭਾਈ ਹਰਭਜਨ ਸਿੰਘ ਜੀ, ਐਮ ਈ ਐਸ, ਪਠਾਨਕੋਟ, ਬੁਡੀਪਿੰਡ ਹੋਸ਼ਿਆਰਪੁਰ । |
| ਪਾਉਂਟਾ ਸਾਹਿਬ | : | ਭਾਈ ਪਰਮਜੀਤ ਸਿੰਘ, ਗੁਰੂ ਰਾਖਾ ਇੰਟਰਪ੍ਰਾਈਜਿਜ਼, ਪਾਉਂਟਾ ਸਹਿਬ (ਹਿਮਾ: ਪ੍ਰ:) ਫੋਨ : ਨੰ: 01704-22367 (R) 01704-24067 |
| ਬਟਾਲਾ | : | ਭਾਈ ਹਰਭਜਨ ਸਿੰਘ, ਖ਼ਾਲਸਾ ਲਇਬ੍ਰੇਰੀ ਬਟਾਲਾ । |
| ਦਿੱਲੀ | : | 1. ਭਾਈ ਗੁਰਪ੍ਰੀਤ ਸਿੰਘ, 670, ਡਾਕਟਰ ਮੁਖਰਜੀ ਨਗਰ,ਦਿੱਲੀ । ਟੈਲੀਫੋਨ ਨੰ: 7654833<br>2. ਭਾਈ ਨਰਿੰਦਰਜੀਤ ਸਿੰਘ (ਗਾਮਾ), ਮਕਾਨ ਨੰ:58-ਸੀ, ਦੂਜੀ ਮੰਜ਼ਿਲ, ਸਟੇਸ਼ਨ-11, ਨਿਊ ਮਹਾਂਵੀਰ ਨਗਰ, ਡਾ: ਤਿਲਕ ਨਗਰ; ਨਵੀਂ ਦਿੱਲੀ । ਫੋਨ : (ਘਰ) 51555191, (ਦਫਤਰ) 590057, 5449276 |
| ਇੰਗਲੈਂਡ | ; | ਭਾਈ ਹਰਦੀਪ ਸਿੰਘ ਜੀ 218 Wexhan Road Slough Berks SL 25 JP Tel.: 01753-530624 |
| ਅਮਰੀਕਾ | : | ਭਾਈ ਜੀਵਨ ਸਿੰਘ ਜੀ ਗੁਰਦੀਪ ਸਿੰਘ ਜੀ ਫੋਨ : 1800722612 |
| ਆਸਟਰੇਲੀਆ | : | ਭਾਈ ਪ੍ਰਸ਼ੋਤਮ ਸਿੰਘ ਜੀ ਫੋਨ : 0061-69634841 |
| ਨਿਊਜੀਲੈਂਡ | : | ਬੀਬੀ ਜਗਦੀਸ਼ ਕੌਰ ਜੀ, 81B, Victoria Road, Papa Toe Toe Auckland, Newzeland<br>ਭਾਈ ਰਿਪੁਦਮਨ ਸਿੰਘ ਮਲਿਕ ਫੋਨ : 180066 30224 |
| ਕੈਨੇਡਾ | : | ਭਾਈ ਅੰਮ੍ਰਿਤਪਾਲ ਸਿੰਘ, 20, New Man Court, Brampton, Ontario L6$5T1 |
| ਕੁਵੈਨਟਰੀ | : | ਹੈਡ ਗ੍ਰੰਥੀ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਸਰਕੂਲਰ ਰੋਡ, ਕੁਵੈਨਟਰੀ (ਯੂ ਕੇ) |



www.AKJ.Org




ਪਵਿੱਤਰ ਨਿਸ਼ਾਨੀਆਂ - ਗਾਤਰ, ਕਮਰ ਕੱਸਾ ਅਤੇ ਕੰਘਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ

www.AKJ.Org


R.N.I. No. 12245/66 SURA-February 2002 P.O. Regd. No. PB/0226/2002

ਮਾਸਿਕ ਪੱਤਰ

# ਸੂਰਾ

Sura Monthly

February-2002



ਤਖ਼ਤ ਸ੍ਰੀ ਕੇਸਗੜ੍ਹ ਸਾਹਿਬ

ਦੀਪਮਾਲਾ ਦਾ ਦੂਰੋਂ ਲਿਆ ਦ੍ਰਿਸ਼

www.AKJ.Org